# ਗੁਰਮੁਖੀ ਕਾਇਦਾ

ਓਕ Ouk



Hand Cup

ਓਚਾਰਣ ਮਾਤਰਾ ੋ ਹੋੜਾ ਓ

ਅਵਖਧ Avakhadh



Medicine

ਓਚਾਰਣ ਮਾਤਰਾ ਮੁਕਤਾ ਅ

ੳ ਅ ੲ ਸ ਹ

ਇਸਰਾਜ Israj



Israj

ਓਚਾਰਣ ਮਾਤਰਾ ਿ ਸਿਹਾਰੀ ਇ

ਾ ਿ ੀ ੁ ੂ ੇ ੈ

੧ ੨ ੩ ੪ ੫

ਸੂਅਟਾ Sooattaa



Parrot

ਓਚਾਰਣ ਮਾਤਰਾ ੂ ਦੁਲੈਂਕੜ ਸੂ

ਗੁਰਮੁਖੀ ਅੱਖਰ ਜੋ ਹੇ ਭਾਈ॥
ਸਿੰਘ, ਸਿੰਘ ਤੇ ਸੀਖੇ ਜਾਈ॥

ਹੈਵਰ Haivar



Horse

ਓਚਾਰਣ ਮਾਤਰਾ ੈ ਦੁਲਾਂਵਾਂ

( ਲੇਖਕ ਅਤੇ ਸੋਧਕ )
ਭਾਈ ਸਤਿੰਦਰਪਾਲ ਸਿੰਘ

ਗੁਰਮੁਖੀ ਕਾਇਦਾ
ਲੇਖਕ ਅਤੇ ਸੋਧਕ ਭਾਈ ਸਤਿੰਦਰਪਾਲ ਸਿੰਘ

ੴ

ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ ਅਕਾਲ

ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

# ਗੁਰਮੁਖੀ ਕਾਇਦਾ

## ਗੁਰਮੁਖੀ ਲਿੱਪੀ ਅਤੇ ਮੁੱਢਲੀ ਧਾਰਮਿਕ, ਆਮ ਜਾਣਕਾਰੀ

**ਗੁਰਮੁਖੀ ਅੱਖਰ ਜੋ ਹੈ ਭਾਈ**
**ਸਿੰਘ, ਸਿੰਘ ਤੇ ਸੀਖੇ ਜਾਈ ॥**


ਲੇਖਕ ਤੇ ਸੋਧਕ

**ਭਾਈ ਸਤਿੰਦਰਪਾਲ ਸਿੰਘ**



ਪ੍ਰਕਾਸ਼ਤ:

**ਗੁਰ ਗਿਆਨ ਫਾਉਂਡੇਸ਼ਨ ( ਰਜਿ: )**

ਟਾਊਨ ਰੋਡ ਸੈਕਟਰ 10, ਖਰੜ, ਐਸ.ਏ.ਐਸ ਨਗਰ ( ਪੰਜਾਬ )

# ਗੁਰ ਗਿਆਨ ਫਾਉਂਡੇਸ਼ਨ

ਸੱਚਾ ਗਿਆਨ ਹੀ ਮਨੁੱਖਤਾ ਦੀ ਸੇਵਾ

## Gurgiaan Foundation

**The True Enlightenment Serve Humanity**

**© ਸਭ ਹੱਕ ਲੇਖਕ ਤੇ ਪ੍ਰਕਾਸ਼ਕ ਕੋਲ ਰਾਖਵੇਂ ਹਨ।**

ਪਹਿਲੀ ਵਾਰ **੧** ਚੇਤ ( ਸੰਮਤ **੫੫੩** ਨਾਨਕਸ਼ਾਹੀ )
ਮੁਤਾਬਿਕ 14 ਮਾਰਚ, ਸੰਨ 2021 ਈਸਵੀ

ਡਿਜ਼ਾਇਨ ਅਤੇ ਟਾਈਪਿੰਗ:

**ਭਾਈ ਹਰਮਿੰਦਰ ਸਿੰਘ**

ਪ੍ਰਕਾਸ਼ਤ:

**ਗੁਰ ਗਿਆਨ ਫਾਉਂਡੇਸ਼ਨ ( ਰਜਿ: )**

ਟਾਊਨ ਰੋਡ ਸੈਕਟਰ 10, ਖਰੜ, ਐਸ.ਏ.ਐਸ ਨਗਰ ( ਪੰਜਾਬ )
ਫ਼ੋਨ: +91-9914698090 , 7087310141

# ਭੂਮਿਕਾ

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ॥

ਗੁਰਮੁਖੀ ਲਿੱਪੀ ਹੋਰ ਲਿੱਪੀਆਂ ਨਾਲੋਂ ਸਭ ਤੋਂ ਉਤੱਮ ਲਿੱਪੀ ਹੈ।ਇਹ ਭਾਸ਼ਾ ਸਭ ਤੋਂ ਅਮੀਰ ਭਾਸ਼ਾ ਹੈ ਕਿਉਂਕਿ ਇਸ ਭਾਸ਼ਾ ਨੂੰ ਸਿੱਖਾਂ ਦੇ ਗੁਰੂ ਸਾਹਿਬ ਜੀ ਨੇ ਆਪ ਲਿੱਖਿਆ ਹੈ। ਇਹ ਪੈਂਤੀ ਅੱਖਰ ਗੁਰੂ ਸਾਹਿਬ ਜੀ ਨੇ ਆਪ ਬਣਾਏ ਹਨ। ਭਾਸ਼ਾ ਹਰ ਇਕ ਵਿਆਕਤੀ ਦੇ ਜੀਵਨ ਦਾ ਅਧਾਰ ਹੈ। ਭਾਸ਼ਾ ਬਿਨਾ ਹਰ ਇਕ ਵਿਆਕਤੀ ਦਾ ਜੀਵਨ ਅਧੂਰਾ ਹੈ। ਕਿਉਂਕਿ ਭਾਸ਼ਾ ਹਰ ਇਕ ਵਿਅਕਤੀ ਦੇ ਜੀਵਨ ਨੂੰ ਉੱਜਵਲ ਬਣਾਉਣ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਹਰ ਇਕ ਭਾਸ਼ਾ ਦੀ ਆਪਣੀ ਇਕ ਅਲੱਗ ਪਹਿਚਾਨ, ਧੁਨੀ ਅਤੇ ਓਚਾਰਣ ਹੁੰਦਾ ਹੈ। ਹਰ ਭਾਸ਼ਾ ਨੂੰ ਸਮਝਣ ਲਈ ਉਸ ਦੇ ਅੱਖਰਾਂ, ਲਗ ਮਾਤ੍ਰਾਵਾਂ ਦੀ ਪਹਿਚਾਣ ਅਤੇ ਧੁਨੀ ਦਾ ਸਹੀ ਗਿਆਨ ਹੋਣਾ ਜਰੂਰੀ ਹੈ। ਹਰ ਭਾਸ਼ਾ ਦੇ ਅੱਖਰਾਂ ਦਾ ਉਚਾਰਣ, ਬਣਾਵਟ, ਅਕਾਰ, ਅਤੇ ਲਿਖਣ ਸ਼ੈਲੀ ਵੱਖ ਵੱਖ ਹੁੰਦੀ ਹੈ। ਇਸ ਗਿਆਨ ਤੋਂ ਬਿਨਾ ਵਿਅਕਤੀ ਕਿਸੇ ਵੀ ਭਾਸ਼ਾ ਨੂੰ ਸਮਝ ਨਹੀ ਸਕਦਾ। ਹਰ ਇਕ ਭਾਸ਼ਾ ਦੀ ਹੋਂਦ ਵੱਖ ਵੱਖ ਸਮੇਂ ਅਨੁਸਾਰ ਵੱਖ ਵੱਖ ਵਿਅਕਤੀਆਂ ਦੁਆਰਾ ਹੋਈ ਹੈ ਜਾਂ ਭਾਸ਼ਾ ਨੂੰ ਸਹੀ ਅਕਾਰ ਵਰਤੋਂ ਵਿਚ ਲਿਆਂਦਾ ਗਿਆ ਹੈ। ਪਰ ਗੁਰਮੁਖੀ ਨੂੰ ਖੁਦ ਆਪ ਗੁਰੂ ਸਾਹਿਬ ਜੀ ਨੇ ਹੋਂਦ ਵਿਚ ਲਿਆਂਦਾ ਹੈ। ਗੁਰਮੁਖੀ ਲਿੱਪੀ ਅਤੇ ਪੰਜਾਬੀ ਵਰਣਮਾਲਾ ਵਿੱਚ ਬਹੁਤ ਅੰਤਰ ਹੈ ਕਿਉਂਕਿ ਗੁਰਮੁਖੀ ਲਿੱਪੀ ਵਿਚ ਹਰ ਇੱਕ ਅੱਖਰ ਦਾ ਬਹੁਤ ਹੀ ਸਹਿਜੇ ਢੰਗ ਨਾਲ ਪ੍ਰਯੋਗ ਕੀਤਾ ਗਿਆ ਹੈ।ਪੰਜਾਬੀ ਵਰਣਮਾਲਾ ਵਿਚ ਙ,ਞ,ਣ ਅਤੇ ੜ ਅੱਖਰ ਨੂੰ ਮੁੱਢ ਤੋਂ ਵਰਤੋਂ ਵਿਚ ਨਹੀ ਲਿਆਦਾ ਗਿਆ ਹੈ ਪਰ ਗੁਰਮੁਖੀ ਲਿੱਪੀ ਵਿਚ ਅਜਿਹਾ ਨਹੀ ਹੈ। ਗੁਰਮੁਖੀ ਲਿੱਪੀ ਖੱਬੇ ਤੋਂ ਸੱਜੇ ਵੱਲ ਨੂੰ ਸ਼ੁਰੂ ਹੁੰਦੀ ਹੈ। ਆਪਣੀ ਭਾਸ਼ਾ ਨੂੰ ਪੜ੍ਹਣਾ, ਲਿਖਣਾ ਅਤੇ ਬੋਲਣਾ ਬਹੁਤ ਹੀ ਮਾਣ ਵਾਲੀ ਗੱਲ ਹੁੰਦੀ ਹੈ। ਜੋ ਵਿਆਕਤੀ ਆਪਣੀ ਭਾਸ਼ਾ ਨਾਲ ਸਬੰਧ ਰੱਖਦੇ ਹੋਏ ਵੀ ਉਸ ਨੂੰ ਬੋਲਣ ਵਿਚ ਆਪਣੇ ਆਪ ਨੂੰ ਨੀਵਾਂ ਜਾਂ ਸ਼ਰਮ ਮਹਿਸੂਸ ਕਰੇ ਉਹ ਵਿਅਕਤੀ

ਆਪਣੀ ਭਾਸ਼ਾਂ ਦਾ ਨਿਰਾਦਰ ਤਾਂ ਕਰਦਾ ਹੀ ਹੈ ਨਾਲ ਹੀ ਨਾਲ ਆਪਣੀ ਭਾਸ਼ਾ ਦਾ ਕਾਤਲ ਵੀ ਬਣ ਜਾਂਦਾ ਹੈ। ਕਿਉਂਕਿ ਦੁਨੀਆਂ ਦਾ ਕੋਈ ਵੀ ਵਿਅਕਤੀ ਆਪਣੀ ਭਾਸ਼ਾ ( ਮਾਂ ਬੋਲੀ ) ਨੂੰ ਬੋਲਣ ਵਿਚ ਬਹੁਤ ਹੀ ਮਾਣ ਮਹਿਸੂਸ ਕਰਦਾ ਹੈ।

ਕਿਉਂਕਿ ਉਹ ਆਪਣੀ ਭਾਸ਼ਾ ਨੂੰ ਪਿਆਰ ਤੇ ਸਤਿਕਾਰ ਕਰਦੇ ਹਨ। ਪਰ ਕੁਝ ਪੰਜਾਬੀ ਹੀ ਜੋ ਆਪਣੀ ਮਾਂ ਬੋਲੀ ( ਗੁਰਮੁਖੀ ) ਨਾਲ ਜੁੜੇ ਹੁੰਦੇ ਹੋਏ ਵੀ ਓਸ ਨੂੰ ਵਿਸਾਰਣ ਤੇ ਲੱਗੇ ਹੋਏ ਹਨ। ਇਸ ਨੂੰ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ ਪਰ ਜੇ ਅਸੀਂ ਆਪਣੀ ਮਾਂ

ਬੋਲੀ ਨਾ ਕਾਇਮ ਰੱਖ ਸਕੇ ਤਾਂ ਅਸੀਂ ਆਪਣੀ ਮਾਂ ਬੋਲੀ ਦੇ ਕਾਤਲ ਤਾਂ ਅਖਵਾਉਣਗੇ ਹੀ ਅਤੇ ਸਾਨੂੰ ਆਉਣ ਵਾਲੀਆਂ ਸਾਡੀਆਂ ਪੀੜ੍ਹੀਆਂ ਕਦੀ ਵੀ ਮਾਫ ਨਹੀ ਕਰਨਗੀਆਂ ਜਿੱਥੇ ਅਸੀ ਆਪਣੀ ਮਾਂ ਬੋਲੀ ਨੂੰ ਤਾਂ ਕਤਲ ਕਰ ਹੀ ਰਿਹੇ ਹਾਂ ਉਥੇ ਨਾਲ ਹੀ ਨਾਲ ਅਸੀਂ ਆਪਣੇ ਇਤਿਹਾਸ ਆਪਣੇ ਧਾਰਮਿਕ ਗ੍ਰੰਥਾਂ ਅਤੇ ਵਿਰਸੇ ਨੂੰ ਵੀ ਕਤਲ ਕਰ ਰਹੇ ਹਾਂ। ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬੀ ਸਿਰਫ ਇੱਕ ਬੀਤੇ ਸਮੇਂ ਦੀ ਹੀ ਭਾਸ਼ਾਂ ਬਣ ਕੇ ਰਹਿ ਜਾਵੇਗੀ। ਆਉ ਆਪਣੀਆਂ ਆਉਂਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਪੰਜਾਬੀ ਮਾਂ ਬੋਲੀ ਨਾਲ ਜੋੜੀਏ, ਤਾਂ ਜੋ ਉਹ ਆਪਣੇ ਵਿਰਸੇ ਨੂੰ ਸੰਭਾਲ ਸਕਣ। ਜਿਹੜੀਆਂ ਕੌਮਾਂ ਆਪਣੀ ਭਾਸ਼ਾਂ ਨੂੰ ਵਿਸਾਰ ਦਿੰਦੀਆਂ ਹਨ, ਉਨ੍ਹਾਂ ਕੌਮਾਂ ਦਾ ਅੰਤ ਵੀ ਬਹੁਤ ਜਲਦੀ ਹੋ ਜਾਂਦਾ ਹੈ ਕਿਉਂਕਿ ਭਾਸ਼ਾਂ ਵੀ ਹਰ ਇੱਕ ਵਿਅਕਤੀ ਦੀ ਪਹਿਚਾਣ ਦੱਸਣ ਵਿਚ ਸਹਾਇਕ ਹੁੰਦੀ ਹੈ। ਜੇਕਰ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਪੜਣੀ, ਲਿਖਣੀ, ਅਤੇ ਬੋਲਣੀ ਸਿਖਾਵਾਂਗੇ ਤਾਂ ਹੀ ਉਹ ਆਪਣੇ ਧਰਮ ਅਤੇ ਵਿਰਸੇ ਨਾਲ ਜੁੜੇ ਰਹਿ ਸਕਣਗੇ ਅਤੇ ਆਪਣੀ ਕੌਮ ਦੇ ਭਵਿੱਖ ਨੂੰ ਉੱਜਵਲ ਬਣਾ ਸਕਣਗੇ।

ਭਾਈ ਸਤਿੰਦਰ ਪਾਲ ਸਿੰਘ

# ਗੁਰਮੁਖੀ ਲਿੱਪੀ ਪੜ੍ਹਨੀ ਕਿਉਂ ਜਰੂਰੀ ਹੈ ?

ਗੁਰਮੁਖੀ ਲਿੱਪੀ ਦੀ ਰਚਨਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਇੰਨ੍ਹਾਂ ਅੱਖਰਾਂ ਦੀਆਂ ਅਵਾਜ਼ਾਂ, ਸ਼ਕਲਾਂ, ਨਿਸਚਿਤ ਕੀਤੀਆਂ, ਮਾਤ੍ਰਾਂ ਦੇ ਰੂਪ, ਧੁਨੀ ਉਚਾਰਣ ਵਿਧੀ ਬਣਾਈ। ਜਿਸ ਦਾ ਸਬੂਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਰਾਗੁ ਆਸਾ ਪਟੀ ਲਿਖੀ ਵਿਚ ਮਿਲਦਾ ਹੈ। ਬਾਅਦ ਵਿੱਚ ਦੂਜੇ ਗੁਰੂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਤਰਤੀਬ-ਬੰਦ ਕੀਤਾ। ਗੁਰਮੁਖੀ ਲਿੱਪੀ ਹੋਰ ਭਾਸ਼ਾਂ / ਲਿੱਪੀਆਂ ਨਾਲੋਂ ਬਹੁਤ ਹੀ ਸੋਖੀ ਸਰਲ ਲਿੱਪੀ ਹੈ। ਗੁਰਮੁਖੀ ਲਿੱਪੀ ਦਾ ਹਰ ਇਕ ਅੱਖਰ ਆਪਣੇ ਆਪ ਵਿਚ ਸੁਤੰਤਰ ਹੈ ਕਿਉਂਕਿ ਪੰਜਾਬੀ ਵਰਣਮਾਲਾ ਵਿਚ ਕਿਸੇ ਵੀ ਸ਼ਬਦ ਨੂੰ ਲਿਖਣ ਲਈ ਦੂਜੇ ਅੱਖਰ ਦੀ ਲੋੜ ਨਹੀਂ ਪੈਂਦੀ ਕਿਉਂਕਿ ਹਰ ਇਕ ਅੱਖਰ ਦੀ ਆਪਣੀ ਅਲੱਗ ਧੁਨੀ ਹੈ। ਪੰਜਾਬੀ ਬੋਲੀ ਦਾ ਵਾਕ, ਸ਼ਬਦ ਜਾਂ ਧੁਨੀ ਅਜਿਹੀ ਨਹੀ ਜਿਸ ਨੂੰ ਗੁਰਮੁਖੀ ਲਿੱਪੀ ਵਿਚ ਨਾ ਲਿਖਿਆ ਜਾ ਸਕੇ। ਵੱਖ ਵੱਖ ਸਮੇਂ ਪੰਜਾਬੀ ਭਾਸ਼ਾਂ ਨੂੰ ਲਿਖਣਬੰਧ ਕਰਨ ਲਈ ਹੋਰਨਾਂ ਲਿੱਪੀਆਂ ਜਿਵੇਂ ਉਰਦੂ, ਰੋਮਨ ਅਤੇ ਦੇਵਨਾਗਰੀ ਆਦਿ ਵਿਚ ਲਿਖਣ ਦੇ ਮਸਲੇ ਉਠਦੇ ਰਹੇ ਹਨ ਪਰ ਇਹ ਧਾਰਮਿਕ ਪੱਖੋ ਜਾਂ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਉਣ ਦੀਆਂ ਨੀਤੀਆਂ ਹਨ। ਜੋ ਕਦੇ ਵੀ ਸਫਲ ਨਹੀ ਹੋ ਸਕਦੀਆ ਕਿਉਂਕਿ ਗੁਰਮੁਖੀ ਲਿੱਪੀ ਨੂੰ ਹੋਰ ਕਿਸੇ ਵੀ ਹੋਰ ਭਾਸ਼ਾਂ/ ਲਿੱਪੀ ਵਿਚ ਨਹੀ ਲਿਖਿਆ ਜਾ ਸਕਦਾ। ਇਹ ਬਸ ਬੇਤੁਕੀਆਂ ਗੱਲਾਂ ਹੀ ਹਨ ਕਿ ਗੁਰਮੁਖੀ ਲਿੱਪੀ ਨੂੰ ਕਿਸੇ ਹੋਰ ਭਾਸ਼ਾਂ / ਲਿੱਪੀ ਵਿਚ ਲਿਖਿਆ ਜਾ ਸਕਦਾ ਹੈ।

**ਆਓ ਗੁਰਮੁਖੀ ਲਿੱਪੀ ਅਤੇ ਹੋਰ ਲਿੱਪੀਆਂ ਦੇ ਅੰਤਰ ਬਾਰੇ ਜਾਣੀਏ।**

ਗੁਰਮੁਖੀ ਲਿੱਪੀ ਹੀ ਅਜਿਹੀ ਇੱਕੋ-ਇਕ ਲਿੱਪੀ ਹੈ , ਜੋ 'ੳ' ਤੋਂ ਸ਼ੁਰੂ ਹੁੰਦੀ ਹੈ ਅ ਤੋਂ ਨਹੀ।ਜਦੋਂ ਕਿ ਹੋਰ ਲਿੱਪੀਆਂ ਜਿਵੇਂ ਦੇਵਨਾਗਰੀ, ਰੋਮਨ, ਅਰਬੀ ਫ਼ਾਰਸੀ, ਗ੍ਰੀਕ ਆਦਿ 'ਅ' ਤੋਂ ਸ਼ੂਰੂ ਹੁੰਦੀਆਂ ਹਨ।

**ਦੇਵਨਾਗਰੀ** :- ਦੇਵਨਾਗਰੀ ਲਿੱਪੀ ਦੇ 52 ਅੱਖਰ ਹਨ ਜਿਸਦੇ ਬਾਵਜੂਦ ਇਹ ਇਕ ਔਖੀ ਭਾਸ਼ਾਂ ਹੈ ਕਿਉਂਕਿ ਇਸ ਲਿੱਪੀ ਵਿਚ ਕੁੱਝ ਵੀ ਲਿੱਖਣ ਲਈ ਇਕ ਦੂਜੇ ਅੱਖਰ ਦਾ ਸਹਾਰਾ ਲਿਆ ਜਾਂਦਾ ਹੈ। ਜਦੋਂ ਕਿ ਗੁਰਮੁਖੀ ਲਿੱਪੀ ਵਿਚ ਅਜਿਹਾ ਕੁੱਝ ਵੀ ਨਹੀ ਹੈ ਦੇਵਨਾਗਰੀ ਵਿਚ ਘ, ਝ, ਢ, ਧ, ਭ ਉਚਾਰਣ ਨਹੀ ਹੈ। ਦੇਵਨਾਗਰੀ ਵਿਚ ਇਕ ਧੁਨੀ ਦੇ ਦੋ ਅੱਖਰ ਹਨ ( 'ਕ, "ਕ ) ਜਦੋ ਕਿ ਗੁਰਮੁਖੀ ਵਿਚ ਇਕ ਧੁਨੀ ਦਾ ਇਕ ਹੀ ( ਸ਼ ) ਅੱਖਰ ਹੈ। ਪੰਜਾਬੀ ਦੀ ( ੜ ) ਧੁਨੀ ਦੇਵਨਾਗਰੀ ਵਿਚ ਮੌਜ਼ੂਦ ਨਹੀ ਹੈ।

**ਫ਼ਾਰਸੀ** :- ਫ਼ਾਰਸੀ ਲਿੱਪੀ ਦੇ 30 ਅੱਖਰ ਹਨ ਜਦੋਂ ਕਿ ਗੁਰਮੁਖੀ ਦੇ 35 ਅੱਖਰ ਹਨ। ਫ਼ਾਰਸੀ ਲਿੱਪੀ ਵਿਚ ( ਸ਼ੇ, ਸ਼ੀਲ, ਸ਼ੁਆਦ ) ਆਦਿ ਇਕ ਹੀ ਅੱਖਰ ਨੂੰ ਵੱਖ ਵੱਖ ਉਚਾਰਣ ਕੀਤਾ ਗਿਆ ਹੈ। ਜਦੋਂ ਕਿ ਗੁਰਮੁਖੀ ਵਿਚ ਅਜਿਹਾ ਕੁੱਝ ਵੀ ਨਹੀ ਹੈ।

**ਰੋਮਨ ਲਿੱਪੀ** :- ਰੋਮਨ ਲਿੱਪੀ ਦੇ 26 ਅੱਖਰ ਹਨ। ਇਸ ਲਿੱਪੀ ਦਾ ਕੋਈ ਵੀ ਅੱਖਰ ਸੁਤੰਤਰ ਨਹੀ ਹੈ। ਰੋਮਨ ਲਿੱਪੀ ਦੇ ( ਛ, ਧ ) ਅੱਖਰ ਵੱਖ ਵੱਖ ਧੁਨੀ ਉਚਾਰਣ ਕਰਦੇ ਹਨ। ਜਿਵੇਂ ਛ, ਸ ਅਤੇ ਕ ਅੱਖਰ ਦੀ ਅਵਾਜ਼ ਕੱਢਦਾ ਹੈ। ਇਸੇ ਤਰ੍ਹਾਂ ਧ, ਦ, ਡ ਅਤੇ ਧ ਅੱਖਰ ਦੀ ਅਵਾਜ਼ ਕੱਢਦਾ ਹੈ। ਰੋਮਨ ਲਿੱਪੀ ਵਿਚ ਘ, ਝ, ਢ, ਧ, ਭ, ਅਤੇ ੜ ਆਦ ਅੱਖਰਾਂ ਦਾ ਉਚਾਰਣ ਨਹੀ ਹੈ। ਜਿਸ ਕਰਕੇ ਇਹ ਵੀ ਇਕ ਅਧੂਰੀ ਭਾਸ਼ਾਂ ਹੈ। ਰੋਮਨ ਲਿੱਪੀ ਵਿਚ ਕਿਸੇ ਵੀ ਵਿਅਕਤੀ ਦਾ ਨਾਮ ਜਾਂ ਸ਼ਬਦ ਲਿਖਣ ਵਿਚ ਔਖਾ ਹੁੰਦਾ ਹੈ ਜਿਵੇਂ Deep,

Jeet, Preet Reet, ਅਤੇ V / W ਆਦਿ ਅੱਖਰ ਸ਼ਬਦ ਨੂੰ ਪੂਰਾ ਕਰਨ ਵਿਚ ਸਪਸ਼ਟ ਧੁਨੀ ਨਹੀ ਉਚਾਰਦੇ ਕਿਉਂਕਿ EE / I ਅਤੇ V / W ਧੁਨੀ ਸ਼ਬਦ ਨੂੰ ਲਿਖਣ ਸਮੇਂ ਉਚਾਰਣ ਦਾ ਭੁਲੇਖਾ ਪਾ ਦਿੰਦੀ ਹੈ। ਜਦੋਂ ਕਿ ਗੁਰਮੁਖੀ ਲਿੱਪੀ ਵਿਚ ਅਜਿਹਾ ਕੁੱਝ ਵੀ ਨਹੀ ਹੈ। ਰੋਮਨ ਲਿੱਪੀ ਵਿਚ **ਙ, ਞ** ਅੱਖਰ ਵੀ ਨਹੀ ਹੈ।

**ਉਰਦੂ** :- ਉਰਦੂ ਲਿੱਪੀ ਦੇ 32 ਕੁ ਅੱਖਰ ਹਨ।ਉਰਦੂ ਲਿੱਪੀ ਵੀ ਆਪਣੇ ਆਪ ਵਿਚ ਸੰਪੂਰਨ ਲਿੱਪੀ ਨਹੀ ਹੈ ਕਿਉਂਕਿ ਉਰਦੂ ਲਿੱਪੀ ਵਿਚ ਇਕ ਚਿੰਨ ਕਈ ਧੁਨੀਆਂ ਉਚਾਰਣ ਹੁੰਦੀਆਂ ਹਨ।ਜਦੋਂਕਿ ਗੁਰਮੁਖੀ ਲਿੱਪੀ ਵਿਚ ਕੇਵਲ ਇਕ ਧੁਨੀ ਚਿੰਨ ਨਾਲ ਕੇਵਲ ਇਕ ਹੀ ਧੁਨੀ ( ਅਵਾਜ਼ ) ਆਉਂਦੀ ਹੈ।ਉਰਦੂ ਵਿਚਙ, ਞ ਅਤੇ ਣ ਨੂੰ ਪ੍ਰਗਟ ਕਰਨ ਲਈ ਉਰਦੂ ਵਿਚ ਕੋਈ ਚਿੰਨ ਅੱਖਰ ਨਹੀ ਹੈ।
ਹਰ ਇਕ ਭਾਸ਼ਾ ਸਤਿਕਾਰਯੋਗ ਹੈ। ਕਿਉਂਕਿ ਹਰ ਇਕ ਭਾਸ਼ਾ ਦੀ ਆਪਣੀ ਪਹਿਚਾਣ ਅਤੇ ਹੋਂਦ ਹੈ।ਸਾਨੂੰ ਸਾਰੀਆਂ ਭਾਸ਼ਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਆਪਣੀ ਗੁਰਮੁਖੀ ( ਮਾਂ ਬੋਲੀ ) ਨੂੰ ਅਹਿਮ ਮੁਢਲਾ ਸਥਾਨ ਦੇਣਾ ਚਾਹੀਦਾ ਹੈ।ਜਿਵੇਂ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਥੇ ਹੋਰ ਭਾਸ਼ਾਵਾਂ ਦੀ ਧੁਨੀ ਵੀ ਪ੍ਰਗਟ ਹੁੰਦੀ ਹੈ, ਪਰ ਸਿਰਫ ਤੇ ਸਿਰਫ ਉਹ ਭਾਸ਼ਾਵਾਂ ਗੁਰਮੁਖੀ ਲਿੱਪੀ ਵਿਚ ਹੀ ਲਿਖੀ ਗਈਆਂ ਹਨ। ਸਿੱਖਾਂ ਦੇ ਹੋਰ ਬਹੁਤ ਸਾਰੇ ਗ੍ਰੰਥ, ਰਚਨਾਵਾਂ ਅਤੇ ਵਾਰਾਂ ਆਦਿ ਸਭ ਗੁਰਮੁਖੀ ਲਿੱਪੀ ਵਿਚ ਹੀ ਹਨ, ਭਾਵ ਗੁਰਮੁਖੀ ਲਿੱਪੀ ਦੀ ਹੀ ਵਰਤੋ ਕੀਤੀ ਗਈ ਹੈ।ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਥੇ ਹਿੰਦੀ ( ਬ੍ਰਿਜ਼, ਸਹਸਕ੍ਰਿਤੀ, ਅਵਧੀ, ਭੋਜ਼ਪੁਰੀ ਆਦਿ ) ਅਤੇ ਫਾਰਸੀ, ਅਰਬੀ, ਸਿੰਧੀ ਭਾਸ਼ਾਂ, ਅਤੇ ਲਹਿੰਦੀ ਪੰਜਾਬੀ ਆਦਿ ਇਹ ਸਭ ਭਾਸ਼ਾਵਾਂ ਦਾ ਜਿਕਰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ, ਪਰ

ਇਹ ਸਭ ਭਾਸ਼ਾਵਾਂ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਗੁਰਮੁਖੀ ਲਿੱਪੀ ਵਿਚ ਹੀ ਲਿੱਖੀਆਂ ਗਈਆਂ ਹਨ।
ਇਸ ਲਈ ਗੁਰਮੁਖੀ ਭਾਸ਼ਾਂ ਸਭ ਤੋਂ ਉੱਤਮ ਭਾਸ਼ਾਂ ਹੈ।ਇਸ ਵਿਚ ਕੋਈ ਸ਼ੱਕ ਨਹੀ ਹੋਣਾ ਚਾਹੀਦਾ।ਆਉ ਆਪਣੀ ਗੁਰਮੁਖੀ ਭਾਸ਼ਾਂ ( ਪੰਜਾਬੀ ਮਾਂ ਬੋਲੀ ) ਦਾ ਸਤਿਕਾਰ ਕਰੀਏ।
ਇਸ ਨੂੰ ਦੁਨੀਆਂ ਦੇ ਹਰ ਇਕ ਕੋਨੇ ਤੱਕ ਪੁਜਦਾ ਕਰੀਏ।ਇਸ ਦੀ ਸ਼ੁਰੂਆਤ ਸਭ ਤੋਂ ਪਹਿਲਾ ਆਪਣੇ ਘਰ ਤੋਂ ਆਪਣੇ ਬੱਚਿਆਂ ਨੂੰ ਸਿਖਾ ਕੇ ਕਰੀਏ ਅਤੇ ਆਪਣੇ ਗੁਰੂ ਦੀ ਖੁਸ਼ੀ ਪ੍ਰਾਪਤ ਕਰੀਏ ਜੀ।

ਧੰਨਵਾਦ ਜੀ

ਭਾਈ  ਸਤਿੰਦਰ ਪਾਲ ਸਿੰਘ

# ਜਾਣ ਪਛਾਣ

ਗੁਰੂ ਸਾਹਿਬ ਜੀ ਵੱਲੋਂ ਬਖਸ਼ੇ ਹੋਏ ਬਲ ਉੱਦਮ ਸਦਕਾ ਦਾਸ ਨੂੰ ਜਿੰਨੀ ਕੁ ਵੀ ਗੁਰੂ ਸਾਹਿਬ ਜੀ ਨੇ ਸੁਮੱਤ ਬਖਸ਼ੀ ਹੈ ਦਾਸ ਵੱਲੋਂ ਇਸ ਕਾਇਦੇ ਰਾਹੀ ਇਕ ਛੋਟੀ ਜਿਹੀ ਕੋਸ਼ਿਸ਼ ਕਰਕੇ ਆਪਣੀ ਗੁਰਮੁਖੀ ਲਿੱਪੀ ( ਪੰਜਾਬੀ ਮਾਂ ਬੋਲੀ ) ਨੂੰ ਜਿਉਂਦੀ ਜਾਗਦੀ ਰੱਖਣ ਲਈ ਇਕ ਨਾ ਮਾਤਰ ਯੋਗਦਾਨ ਪਾਇਆ ਜਾ ਰਿਹਾ ਹੈ।ਇਸ ਕਾਇਦੇ ਨੂੰ ਪੜ੍ਹ ਕੇ ਜੇਕਰ ਕੋਈ ਵੀ ਵਿਅਕਤੀ ਪਿਆਰ, ਸਤਿਕਾਰ ਨਾਲ ਪੰਜਾਬੀ ਪੜ੍ਹਨੀ, ਬੋਲਣੀ ਸਿਖ ਸਕੇ, ਅਤੇ ਗੁਰਮੁਖੀ ਭਾਸ਼ਾ ਨੂੰ ਜਾਣ ਸਕੇ ਤਾਂ ਹੀ ਦਾਸ ਦਾ ਜੀਵਨ ਅਤੇ ਇਹ ਉੱਦਮ ਸਫਲ ਹੋ ਸਕੇਗਾ।

ਇਸ ਕਾਇਦੇ ਵਿਚ ਕੁੱਝ ਵੱਖਰਾ ਕੀਤਾ ਗਿਆ ਹੈ। ਇਸ ਕਾਇਦੇ ਵਿਚ ਖਾਸ ਤੌਰ ਤੇ ਹਰ ਇਕ ਚਿੱਤਰ ਵਾਲੇ ਸ਼ਬਦਾਂ ਦੀ ਉਚਾਰਣ ਮਾਤਰਾ ਨੂੰ ਦਰਸਾਇਆ ਗਿਆ ਹੈ, ਤਾਂ ਜੋ ਪੜ੍ਹਨ ਵਾਲੇ ਨੂੰ ਇਹ ਪਤਾ ਲੱਗ ਸਕੇ ਕਿ ਇਹ ਸ਼ਬਦ ਕਿਸ ਮਾਤਰਾ ਨਾਲ ਉਚਾਰਣ ਹੋਣਾ ਹੈ ਅਤੇ ਉਹ ਉਸ ਸ਼ਬਦ ਦਾ ਸਹੀ ਉਚਾਰਣ ਕਰ ਸਕੇ ਜੀ। ਇਸ ਕਾਇਦੇ ਵਿਚ ਗੁਰਮੁਖੀ ਲਿੱਪੀ ਦੇ ਹਰ ਇਕ ਅੱਖਰ ਨੂੰ ਉਚਾਰਣ ਕਰਨ ਲਈ ਪੰਜ ਪੰਜ ਸ਼ਬਦਾ ਦੀ ਵਰਤੋਂ ਕੀਤੀ ਗਈ ਹੈ।

ਇਹ ਪੰਜ ਪੰਜ ਸ਼ਬਦਾਂ ਦੀ ਚੋਣ ਖਾਸ ਕਰ ਗੁਰਮਤਿ ਅਨੁਸਾਰ ਕੀਤੀ ਗਈ ਹੈ ( ਭਾਵ ਗੁਰਬਾਣੀ ਵਿੱਚੋਂ ਕੀਤੀ ਗਈ ਹੈ ) ਅਤੇ ਸ਼ਬਦ ਜੋੜ ਵੀ ਗੁਰਬਾਣੀ ਵਿੱਚੋਂ ਲਏ ਗਏ ਹਨ ਤਾਂ ਜੋ ਗੁਰਬਾਣੀ ਦਾ ਸਹੀ ਉਚਾਰਣ ਅਤੇ ਗਿਆਨ ਹੋ ਸਕੇ। ਇਸ ਕਇਦੇ ਵਿੱਚ ਇਕ ਇਕ ਅੱਖਰ ਨੂੰ ਪੰਜ ਪੰਜ ਸ਼ਬਦਾਂ ਵਿਚ ਲਿਖਣਾ ਥੋੜਾ ਮੁਸ਼ਕਲ ਸੀ ਪਰ ਇਸ ਵਿਚ ਦਾਸ ਦੀ ਧਰਮ ਪਤਨੀ ਦਵਿੰਦਰ ਕੌਰ ਨੇ ਵੀ ਬਹੁਤ ਸਾਥ ਦਿੱਤਾ ਹੈ ਅਤੇ ਇਸ ਕਾਇਦੇ ਵਿਚ ਤੰਤੀ ਸਾਜ਼ਾਂ ਦੇ ਨਾਮ ਲਿਖਣ ਲਈ ਵੀ ਸਲਾਹ ਦਿੱਤੀ।

ਪੰਜ ਪੰਜ ਸ਼ਬਦਾ ਦੀ ਚੋਣ ਕਰਕੇ ਸਿੱਖਿਆਰਥੀਆਂ ਨੂੰ ਪੁਰਾਣੇ ਕਾਇਦੇ ਨਾਲੋਂ ਕੁੱਝ ਆਧੁਨਿਕ ਢੰਗ ਨਾਲ ਸਿਖਾਉਣ ਦਾ ਯਤਨ ਕੀਤਾ ਗਿਆ ਹੈ , ਕਿਉਂਕਿ

ਪੁਰਾਣੇ ਕਾਇਦੇ ਵਿਚ ਕੇਵਲ ਇਕ ਅੱਖਰ ਨਾਲ ਇਕ ਹੀ ਸ਼ਬਦ ਦਾ ਉਚਾਰਣ ਸੀ।

ਉਮੀਦ ਕਰਦੇ ਹਾਂ ਕਿ ਪਾਠਕ ਇਸ ਕਾਇਦੇ ਨੂੰ ਪੜ੍ਹ ਕੇ ਦਾਸ ਅਤੇ ਗੁਰਗਿਆਨ ਫਾਉਂਡੇਸ਼ਨ ਦੇ ਇਸ ਉਪਰਾਲੇ ਦੀ ਕੋਸ਼ਿਸ਼ ਦੀ ਸ਼ਲਾਘਾ ਕਰ ਕੇ ਧੰਨਵਾਦ ਦੇ ਪਾਤਰ ਬਣਾਉਣਗੇ ਤੇ ਅੱਗੇ ਹੋਰ ਵੀ ਅਜਿਹੇ ਕਾਰਜ ਕਰਨ ਹਿੱਤ ਲਈ ਉਤਸ਼ਾਹਿਤ ਕਰਨਗੇ।

ਧੰਨਵਾਦ ਸਹਿਤ ਦਾਸ :

1 ਚੇਤ, ਸੰਮਤ 553 ਨਾਨਕਸ਼ਾਹੀ
14 ਮਾਰਚ, ਸੰਨ 2021 ਈਸਵੀ

ਭਾਈ ਸਤਿੰਦਰਪਾਲ ਸਿੰਘ
ਅਧਿਆਪਕ ਤੇ ਲੇਖਕ
ਗੁਰਗਿਆਨ ਫਾਉਂਡੇਸ਼ਨ (ਰਜਿ:) ਖਰੜ।

# ਪੈਂਤੀ ਅੱਖਰ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

**ਵਿਸ਼ੇਸ਼ ਜਾਣਕਾਰੀ:-** ਗੁਰਮੁਖੀ ਪੈਂਤੀ ਲਿੱਖਣ ਲਈ ਕੁੱਝ ਖਾਸ ਗੱਲਾਂ ਦਾ ਧਿਆਨ ਦੇਣਾਂ ਜਰੂਰੀ ਹੈ ਕਿ ਹਰ ਇਕ ਲਾਈਨ ਵਿੱਚ ਕੇਵਲ ਪੰਜ ਅੱਖਰ ਹੀ ਆਉਂਦੇ ਹਨ ਅਤੇ ਜੋ ਇਹ ਹੇਠਾਂ ਵੱਲ ਨੂੰ ਸੱਤ ਲਾਈਨਾ ਬਣਦੀਆਂ ਹਨ।

ੳ

ਊੜਾ = ਊ+ੜਾ   Ooraa

ਉਚਾਰਣ ਮਾਤਰਾ ੂ ਦੁਲੈਂਕੜ

ਊ

ਉਦਾਸੀ   Udasi



Travel Journey

ਉਚਾਰਣ ਮਾਤਰਾ ੁ ਔਂਕੜ ਉ

ਉਪਾਸ਼ਕ Upaashak



Worshipper

ਉਚਾਰਣ ਮਾਤਰਾ ੁ ਔਂਕੜ ਉ

ਉਤਭੁਜ   Outhabhuj



Vegetation

ਉਚਾਰਣ ਮਾਤਰਾ ੁ ਔਂਕੜ ਉ

ਓਕ   Ouk



Hand Cup

ਉਚਾਰਣ ਮਾਤਰਾ ੋ ਹੋੜਾ ਓ

ਉਦਿਆਨ Oudhiaan



Wild

ਉਚਾਰਣ ਮਾਤਰਾ ੁ ਔਂਕੜ ਉ

ਅ

ਐੜਾ = ਐ+ੜਾ Airaa

ਉਚਾਰਣ ਮਾਤਰਾ ੈ ਦੁਲਾਂਵਾਂ

ਐ

ਅਰਦਾਸ Ardas



Prayer

ਉਚਾਰਣ ਮਾਤਰਾ ਮੁਕਤਾ ਅ

ਅੰਮ੍ਰਿਤ ਵੇਲਾ Amrit Vela



Begins at the start of Day

ਉਚਾਰਣ ਮਾਤਰਾ ੰ ਟਿੱਪੀ ਅੰ

ਅੰਮ੍ਰਿਤਸਰ ਸਾਹਿਬ
Amritsar Sahib



Amritsar City

ਉਚਾਰਣ ਮਾਤਰਾ ੰ ਟਿੱਪੀ ਅੰ

ਅੰਗਿਆਰ Angiar



Embers

ਉਚਾਰਣ ਮਾਤਰਾ ੰ ਟਿੱਪੀ ਅੰ

ਅਵਖਧ Avakhadh



Medicine

ਉਚਾਰਣ ਮਾਤਰਾ ਮੁਕਤਾ ਅ

# ੲ

ਈੜੀ = ਈ+ੜੀ Eeree

ਉਚਾਰਣ ਮਾਤਰਾ ੀ ਬਿਹਾਰੀ

# ਈ

**ਇੱਕ ਓਅੰਕਾਰ** Ikoankaar




One Universal Creator

ਉਚਾਰਣ ਮਾਤਰਾ ਿ ਸਿਹਾਰੀ ਇ

**ਈਤ** Eeth




This World

ਉਚਾਰਣ ਮਾਤਰਾ ੀ ਬਿਹਾਰੀ ਈ

**ਇਤਿਹਾਸ** Itehas



History

ਉਚਾਰਣ ਮਾਤਰਾ ਿ ਸਿਹਾਰੀ ਇ

**ਇਲ** ILL



Vulture

ਉਚਾਰਣ ਮਾਤਰਾ ਿ ਸਿਹਾਰੀ ਇ

**ਇਸਰਾਜ** Israj



Israj

ਉਚਾਰਣ ਮਾਤਰਾ ਿ ਸਿਹਾਰੀ ਇ

# ਸ

ਸੱਸਾ = ਸੱ+ਸਾ  Sassaa

ਉਚਾਰਣ ਮਾਤਰਾ ੱ ਅੱਧਕ

# ਸੱ

ਸਿੱਖ  Sikh



Sikh

ਉਚਾਰਣ ਮਾਤਰਾ ਿ ਸਿਹਾਰੀ ਸਿ

ਸੂਅਟਾ  Sooattaa



Parrot

ਉਚਾਰਣ ਮਾਤਰਾ ੂ ਦੁਲੈਂਕੜ ਸੂ

ਸਸੀਅਰ  Saseear



Moon

ਉਚਾਰਣ ਮਾਤਰਾ ਮੁਕਤਾ ਸ

ਸਾਰੰਦਾ  Saranda



String Instrument

ਉਚਾਰਣ ਮਾਤਰਾ ਾ ਕੰਨਾ ਸਾ

ਸੂਰ  Soor



Sun

ਉਚਾਰਣ ਮਾਤਰਾ ੂ ਦੁਲੈਂਕੜ ਸੂ

# ਹ

ਹਾਹਾ = ਹਾ+ਹਾ Haahaa

ਉਚਾਰਣ ਮਾਤਰਾ ਾ ਕੰਨਾ

# ਹਾ

ਹਰਿਮੰਦਰ ਸਾਹਿਬ
Harimandir Sahib



Abode of God

ਉਚਾਰਣ ਮਾਤਰਾ ਮੁਕਤਾ ਹ

ਹੈਵਰ Haivar



Horse

ਉਚਾਰਣ ਮਾਤਰਾ ੈ ਦੁਲਾਂਵਾਂ

ਹੀਰਾ Heera



Dimond

ਉਚਾਰਣ ਮਾਤਰਾ ੀ ਬਿਹਾਰੀ ਹੀ

ਹਥੀਆਰ Hatheyar



Weapons

ਉਚਾਰਣ ਮਾਤਰਾ ਮੁਕਤਾ ਹ

ਹੀਡੋਲੀ Heeddolee



Palanquin

ਉਚਾਰਣ ਮਾਤਰਾ ੀ ਬਿਹਾਰੀ ਹੀ

# ਕ

ਕੱਕਾ = ਕੱ+ਕਾ  Kakkaa

ਉਚਾਰਣ ਮਾਤਰਾ ੱ ਅੱਧਕ

# ਕੱ

ਕੰਚਨ Kanchan



Gold

ਉਚਾਰਣ ਮਾਤਰਾ ੰ ਟਿੱਪੀ ਕੰ

ਕੂਕਰ Kookar



Dog

ਉਚਾਰਣ ਮਾਤਰਾ ੇ ਲਾਂਵਾਂ ਕੇ

ਕਿਰਸਾਣ Kirasaan



Farmer

ਉਚਾਰਣ ਮਾਤਰਾ ਿ ਸਿਹਾਰੀ ਕਿ

ਕੰਦ ਮੂਲ Kandh Mool



Roots

ਉਚਾਰਣ ਮਾਤਰਾ ੰ ਟਿੱਪੀ ਕੰ

ਕਿੰਕਨੀ Kinkanee



Bell tinkling

ਉਚਾਰਣ ਮਾਤਰਾ ਿ ੰ ਸਿਹਾਰੀ ਟਿੱਪੀ ਕਿੰ

# ਖ

ਖੱਖਾ = ਖੱ+ਖਾ Khakhkhaa

ਉਚਾਰਣ ਮਾਤਰਾ ੱ ਅੱਧਕ

# ਖੱ

ਖੰਡਾਂ Khandaa



Island
ਉਚਾਰਣ ਮਾਤਰਾ ੰ ਟਿੱਪੀ ਖੰ

ਖੇਤ Khet



Farm
ਉਚਾਰਣ ਮਾਤਰਾ ੇ ਲਾਂਵਾਂ ਖੇ

ਖੰਨਲੀ Khannalee



Oily Rag
ਉਚਾਰਣ ਮਾਤਰਾ ੰ ਟਿੱਪੀ ਖੰ

ਖੇਹ Khaeh



Dirt
ਉਚਾਰਣ ਮਾਤਰਾ ੇ ਲਾਂਵਾਂ ਖੇ

ਖੁਰਾਸਾਨ Khurasaan




Khurasan
ਉਚਾਰਣ ਮਾਤਰਾ ੁ ਔਂਕੜ ਖੁ

# ਗ

ਗੱਗਾ = ਗੱ+ਗਾ Gaggaa

ਉਚਾਰਣ ਮਾਤਰਾ ੱ ਅੱਧਕ

# ਗੱ

ਗੁਰਦੁਆਰਾ Gurdwara



Worship Place of the Sikhs

ਉਚਾਰਣ ਮਾਤਰਾ ੁ ਔਂਕੜ ਗੁ

ਗੋਰ Gor



Grave

ਉਚਾਰਣ ਮਾਤਰਾ ੋ ਹੋੜਾ ਗੋ

ਗਡਵੈ Gaddavai



Jug

ਉਚਾਰਣ ਮਾਤਰਾ ੱ ਅੱਧਕ ਗੱ

ਗੰਧਣ ਵੈਣ Gandhhan Vain



The Evil Songs

ਉਚਾਰਣ ਮਾਤਰਾ ੰ ਟਿੱਪੀ ਗੰ

ਗੈਵਰ Gaivare



Elephent

ਉਚਾਰਣ ਮਾਤਰਾ ੈ ਦੁਲਾਂਵਾਂ ਗੈ

# ਘ

ਘੱਗਾ = ਘੱ+ਗਾ Ghaggaa

ਉਚਾਰਣ ਮਾਤਰਾ ੱ ਅੱਧਕ

# ਘੱ

## ਘੁਘਿ ਗਿਰਾਉ Ghugh Giraao



Populous Village

ਉਚਾਰਣ ਮਾਤਰਾ ੁ ਔਂਕੜ

## ਘੁਘੂ Ghughoo



Owl

ਉਚਾਰਣ ਮਾਤਰਾ ੁ ਔਂਕੜ

## ਘੱਲੂਘਾਰਾ Ghalughara



Holocaust

ਉਚਾਰਣ ਮਾਤਰਾ ੱ ਅੱਧਕ ਘੱ

## ਘੂੰਘਰ Ghoonghar



Ankle Bells

ਉਚਾਰਣ ਮਾਤਰਾ ਦੁਲੈਂਕੜ ਟਿੱਪੀ ਘੂੰ

## ਘ੍ਰਿਤ Ghrith



Clarified butter

ਉਚਾਰਣ ਮਾਤਰਾ ਿ ਸਿਹਾਰੀ ਘਿ

# ਙ

## ਙੰਙਾ = ਙੰ+ਙਾ A(g)ann(g)aa

## ਉਚਾਰਣ ਮਾਤਰਾ ੰ ਟਿੱਪੀ

# ਙੰ

ਙੰਙਾ ਙਿਆਨੁ ਨਹੀ ਮੁਖ ਬਾਤਉ ॥ ( ਅੰਗ 251 )

N(g)ann(g)aa  n(g)iaan  nehee Mukh baatho ||

ਬ੍ਰਹਿਮ ਗਿਆਨ ਮੂੰਹ ਜਵਾਨੀ ਦੀਆਂ ਗੱਲਾਂ ਨਾਲ ਹਾਸਲ ਨਹੀਂ ਹੁੰਦਾ ।

ਙਿਆਨੀ ਤਤੁ ਗੁਰਮੁਖਿ ਬੀਚਾਰੀ॥ ( ਅੰਗ 251 )

N(g)iaanee thath gurmukh beechaaree ||

ਜਿਹੜਾ ਗੁਰੂ ਦੇ ਰਾਹੀਂ ਜਗਤ-ਦੇ-ਮੂਲ ਪ੍ਰਭੂ ਦੇ ਗੁਣਾਂ ਦਾ ਵਿਚਾਰਵਾਨ ਬਣ ਜਾਵੇ ।

ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥ ( ਅੰਗ 253 )

N(g)ann(g)aa khatt saasathr hoe n(g)iaathaa ||

ਕੋਈ ਮਨੁੱਖ ਛੇ ਸ਼ਾਸਤ੍ਰਾਂ ਦਾ ਜਾਣਨ ਵਾਲਾ ਹੋਵੇ।

ਙਿਆਨ ਧਿਆਨ ਤੀਰਥ ਇਸਨਾਨੀ॥ ( ਅੰਗ 253 )

N(g)iaan dhhiaan theerathh eisanaanee ||

ਧਾਰਮਿਕ ਚਰਚਾ ਕਰਦਾ ਹੋਵੇ, ਸਮਾਧੀਆਂ ਲਾਂਦਾ ਹੋਵੇ, ਤੀਰਥਾਂ ਦਾ ਇਸ਼ਨਾਨ ਕਰਦਾ ਹੋਵੇ।

ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ॥ ( ਅੰਗ 251 )

N(g)iaanee rehath aagiaa dhrirr jaa kai ||

ਜਿਸ ਦੇ ਹਿਰਦੇ ਵਿਚ ਪਰਮਾਤਮਾ ਦੀ ਰਜ਼ਾ ਪੱਕੀ ਟਿਕੀ ਰਹੇ, ਉਹੀ ਅਸਲ ਗਿਆਨੀ ਹੈ।

# ਚ

ਚੱਚਾ = ਚੱ+ਚਾ Chachchaa

ਉਚਾਰਨ ਮਾਤਰਾ ੱ ਅੱਧਕ

# ਚੱ

ਚਰਖੜੀ Charkhari



Spinning Weel

ਉਚਾਰਨ ਮਾਤਰਾ ਮੁਕਤਾ ਚ

ਚੀਰੀ Cheeree



Death Letter

ਉਚਾਰਨ ਮਾਤਰਾ ੀ ਬਿਹਾਰੀ ਚੀ

ਚੂਨਾ Choonaa



Flour

ਉਚਾਰਨ ਮਾਤਰਾ ੂ ਦੁਲੈਂਕੜ ਚੂ

ਚਿਰਗਟ Chiragatt



Cage

ਉਚਾਰਨ ਮਾਤਰਾ ਿ ਸਿਹਾਰੀ ਚਿ

ਚਟਾਰਾ Chattaaraa



Sparrow

ਉਚਾਰਨ ਮਾਤਰਾ ਮੁਕਤਾ ਚ

ਛ

ਛੱਛਾ = ਛੱ+ਛਾ Chhachha

ਉਚਾਰਣ ਮਾਤਰਾ ੱ ਅੱਧਕ

ਛੱ

ਛਤਰ Chatar



Chhatar

ਉਚਾਰਣ ਮਾਤਰਾ ਮੁਕਤਾ ਛ

ਛਿੰਝ Shhinjh



Wrestling Match

ਉਚਾਰਣ ਮਾਤਰਾ ਿ ੰ ਸਿਹਾਰੀ ਟਿੱਪੀ ਛਿੰ

ਛਤੀਹ ਅੰਮ੍ਰਿਤ ਭੋਜਨ

Shhatheeh Amrit Bhojan



The Thirty six Delicious Foods

ਉਚਾਰਣ ਮਾਤਰਾ ਮੁਕਤਾ ਛ

ਛਾਰ Shhaar



Ashes

ਉਚਾਰਣ ਮਾਤਰਾ ਾ ਕੰਨਾ ਛਾ

ਛਾਦਨ Shhaadhan



Clothe

ਉਚਾਰਣ ਮਾਤਰਾ ਾ ਕੰਨਾ ਛਾ

# ਜ

ਜੱਜਾ = ਜੱ+ਜਾ      Jajja

ਉਚਾਰਣ ਮਾਤਰਾ ੱ ਅੱਧਕ

# ਜੱ

ਜਫਰਨਾਮਾ      Zafarnama



Victory Declaration

ਉਚਾਰਣ ਮਾਤਰਾ ਮੁਕਤਾ ਜ

ਜਿਨੂਰਾ      Jinooraa



Demon

ਉਚਾਰਣ ਮਾਤਰਾ ਿ ਸਿਹਾਰੀ ਜਿ

ਜੰਗਮ      Jangam



Jangam

ਉਚਾਰਣ ਮਾਤਰਾ ੰ ਟਿੱਪੀ ਜੰ

ਜਾਚਕ      Jaachak



Beggar

ਉਚਾਰਣ ਮਾਤਰਾ ਾ ਕੰਨਾ ਜਾ

ਜੋਤਕੀ      Jothakee



Astrologer

ਉਚਾਰਣ ਮਾਤਰਾ ੋ ਹੋੜਾ ਜੋ

# ਝ

ਝੱਜਾ = ਝੱ+ਜਾ Jhajja

ਉਚਾਰਣ ਮਾਤਰਾ ੱ ਅੱਧਕ

# ਝੱ

ਝੰਡਾ Jhanda



Flag

ਉਚਾਰਣ ਮਾਤਰਾ ੰ ਟਿੱਪੀ ਝੰ

ਝੋਲਾ Jholha



Wind

ਉਚਾਰਣ ਮਾਤਰਾ ੋ ਹੋੜਾ ਝੋ

ਝੀਵਰ Jheevar



Fisherman

ਉਚਾਰਣ ਮਾਤਰਾ ੀ ਬਿਹਾਰੀ ਝੀ

ਝਾਲਾਘੇ Jhaalaaghae



Early Mornning

ਉਚਾਰਣ ਮਾਤਰਾ ਾ ਕੰਨਾ ਝਾ

ਝੱਖੜ Jhakharr



Torrential

ਉਚਾਰਣ ਮਾਤਰਾ ੱ ਅੱਧਕ ਝੱ

ਞ

ਞੰਞਾ = ਞੰ+ਞਾ Janjaa

ਉਚਾਰਣ ਮਾਤਰਾ ˚ ਟਿੱਪੀ

ਞੰ

ਞੰਞਾ ਞਾਣਹੁ ਦ੍ਰਿੜ ਸਹੀ ਬਿਨਸਿ ਜਾਤ ਏਹ ਹੇਤ ॥ ( ਅੰਗ 255 )
Njannja njaanahu dhrirr sehee binas jath eaeh haeth ||
( ਹੇ ਭਾਈ! ) ਇਹ ਗਲ ਪੱਕੀ ਸਮਝ ਲਵੋ ਕਿ ਦੁਨੀਆ ਵਾਲੇ ਮੋਹ ਨਾਸ ਹੋ ਜਾਣਗੇ ;

ਞੰਞਾ ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ॥ ( ਅੰਗ 341 )
Njannjaa nikatt ju ghatt rahio dhoor kahaa taj jaae ||
( ਹੇ ਭਾਈ! ) ਜੋ ਪ੍ਰਭੂ ਨੇੜੇ ਵੱਸ ਰਿਹਾ ਹੈ, ਜੋ ਹਿਰਦੇ ਵਿਚ ਵੱਸ ਰਿਹਾ ਹੈ, ਉਸ ਨੂੰ ਛੱਡ ਕੇ
ਦੂਰ ਕਿੱਥੇ ਜਾਂਦਾ ਹੈਂ?

ਞੰਞੈ ਨਦਿਰ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥ ( ਅੰਗ 433 )
Njannjai nadhar karee jaa dhaekhaa dhoojaa koee naahee ||
ਮੈਂ ਜਦੋਂ ਭੀ ਗਹੁ ਨਾਲ ਵੇਖਦਾ ਹਾਂ, ਮੈਨੂੰ ਪ੍ਰਭੂ ਤੋਂ ਬਿਨਾ ਕੋਈ ਹੋਰ
( ਕਿਤੇ ਭੀ ) ਨਹੀਂ ਦਿੱਸਦਾ।

ਞਾਣਤ ਸੋਈ ਸੰਤ ਸੁਇ ਭ੍ਰਮ ਤੇ ਕੀ ਚਿਤ ਭਿੰਨ॥ ( ਅੰਗ 255 )
Njaanath soee sant sue vhram thae kee chith bhinn ||
ਅਜੇਹੇ ਮਨੁੱਖ ਮਾਇਆ ਵਾਲੀ ਭਟਕਨਾ ਤੋਂ ਬਚ ਜਾਂਦੇ ਹਨ। ਇਹੋ ਜਿਹਾ ਬੰਦਾ ਹੀ ਸੰਤ ਹੈ,
ਉਹ ਹੀ ਸਹੀ ਜੀਵਨ ਨੂੰ ਸਮਝਦਾ ਹੈ।

ਞਿਆਨੋ ਬੋਲੈ ਆਪੇ ਬੁਝੈ॥ ( ਅੰਗ 933 )
Njiaano bolai aapae boojhai ||
( ਸਤਿਗੁਰੂ-ਰੂਪ ਹੋ ਕੇ ) ਪ੍ਰਭੂ ਆਪ ਹੀ ਗਿਆਨ ਉਚਾਰਦਾ ਹੈ, ਸਮਝਦਾ ਹੈ।

# ਟ

ਟੈਂਕਾ = ਟੈਂ+ਕਾ Tainkaa

ਉਚਾਰਣ ਮਾਤਰਾ ੈਂ ਦੁਲਾਂਵਾਂ, ਬਿੰਦੀ

# ਟੈਂ

ਟੂਟੀ ਤੰਤੁ Ttoottee Thanth



String Broken

ਉਚਾਰਣ ਮਾਤਰਾ ੂ ਦੁਲੈਂਕੜ ਟੂ

ਟਟੀਹਰੀ Tatihari



Red Wattled

ਉਚਾਰਣ ਮਾਤਰਾ ਮੁਕਤਾ ਟ

ਟਟਰਿ Ttattar



Couldron

ਉਚਾਰਣ ਮਾਤਰਾ ਮੁਕਤਾ ਟ

ਟੀਡੁ Tteedd



Insect Cricket

ਉਚਾਰਣ ਮਾਤਰਾ ੀ ਬਿਹਾਰੀ ਟੀ

ਟਿੱਬਾ Tiba



Dunes

ਉਚਾਰਣ ਮਾਤਰਾ ਿ, ੱ ਬਿਹਾਰੀ,ਅੱਧਕ ਟਿੱ

# ਠ

ਠੱਠਾ = ਠੱ+ਠਾ ThathThaa

ਉਚਾਰਣ ਮਾਤਰਾ ੱ ਅੱਧਕ

# ਠੱ

## ਠੰਡਾ ਬੁਰਜ Thanda Burj



Cold Tower

ਉਚਾਰਣ ਮਾਤਰਾ ੰ ਟਿੱਪੀ ਠੰ

## ਠਰੂਰੇ Tharoorae



Calm Mind

ਉਚਾਰਣ ਮਾਤਰਾ ਮੁਕਤਾ ਠ

## ਠਗਵਾੜਾ Thagvara




Cheat Country

ਉਚਾਰਣ ਮਾਤਰਾ ਮੁਕਤਾ ਠ

## ਠਗਉਰੀ Thagouree



Intoxicated Plant

ਉਚਾਰਣ ਮਾਤਰਾ ਮੁਕਤਾ ਠ

## ਠੂਹਾ Thuha



Scorpio

ਉਚਾਰਣ ਮਾਤਰਾ ੂ ਦੁਲੈਂਕੜ ਠੂ

ਡ

ਡੱਡਾ = ਡੱ+ਡਾ Dadda

ਉਚਾਰਣ ਮਾਤਰਾ ੱ ਅੱਧਕ

ਡੱ

ਡਿਓੜ੍ਹੀ Diorhi



Gateway

ਉਚਾਰਣ ਮਾਤਰਾ ਿ ਬਿਹਾਰੀ ਡਿ

ਡੰਡਉਤ Ddanddouth



Bow Down

ਉਚਾਰਣ ਮਾਤਰਾ ੰ ਟਿੱਪੀ ਡੰ

ਡੂਗਰ Doogar



Mountan

ਉਚਾਰਣ ਮਾਤਰਾ ੂ ਦੁਲੈਂਕੜ ਡੂ

ਡੂਨਾ Duna



Leaf Bowl

ਉਚਾਰਣ ਮਾਤਰਾ ੂ ਦੁਲੈਂਕੜ ਡੂ

ਡਡੂਰੀ Dadduree



Helf raw, helf ripe crope

ਉਚਾਰਣ ਮਾਤਰਾ ਮੁਕਤਾ ਡ

# ਢ

ਢੱਢਾ = ਢੱ+ਢਾ Dhadda

ਉਚਾਰਣ ਮਾਤਰਾ ੱ ਅੱਧਕ

# ਢੱ

ਢਾਡੀ Dhaadi



Bard

ਉਚਾਰਣ ਮਾਤਰਾ ਾ ਕੰਨਾ ਢਾ

ਢਬੂਆ Dtbooa



Counterfiet Coin

ਉਚਾਰਣ ਮਾਤਰਾ ਮੁਕਤਾ ਢ

ਢਾਲ Dhal



Shield

ਉਚਾਰਣ ਮਾਤਰਾ ਾ ਕੰਨਾ ਢਾ

ਢੋਰ Dtor



Animal

ਉਚਾਰਣ ਮਾਤਰਾ ੋ ਹੋੜਾ ਢੋ

ਢਲਿ ਢੁਲਿ Dtal Dtul



Wither and Fade

ਉਚਾਰਣ ਮਾਤਰਾ ਮੁਕਤਾ ਢ

# ਣ

ਣਾਣਾ = ਣਾ+ਣਾ   Naanaa

ਉਚਾਰਣ ਮਾਤਰਾ ਾ ਕੰਨਾ

# ਣਾ

ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥ ( ਅੰਗ 256 )

Naanaa ran thae seejheea aatham jeethai koe ||

ਇਸ ਜਗਤ ਰਣ-ਭੂਮੀ ਵਿਚ ਹਉਮੈ ਨਾਲ ਹੋ ਰਹੇ ਜੰਗ ਤੋਂ ਤਦੋਂ ਹੀ ਕਾਮਯਾਬ ਹੋਈਦਾ ਹੈ, ਜੇ ਮਨੁੱਖ ਆਪਣੇ ਆਪ ਨੂੰ ਜਿੱਤ ਲਏ।

ਣਾਣਾ ਰਣਿ ਰੂਤਉ ਨਰ ਨੇਹੀ ਕਰੈ॥ ( ਅੰਗ 341 )

Naanaa ran rootho nar naehee karai ||

(ਜਗਤ ਰੂਪ ਇਸ) ਰਣਭੂਮੀ ਵਿਚ (ਵਿਕਾਰਾਂ ਨਾਲ ਜੰਗ ਵਿਚ) ਰੁੱਝਾ ਹੋਇਆ ਜੋ ਮਨੁਖ ਵਿਕਾਰਾਂ ਨੂੰ ਵੱਸ ਵਿਚ ਕਰਨ ਦੀ ਸਮਰੱਥਾ ਪਰਾਪਤ ਕਰ ਲੈਂਦਾ ਹੈ,

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥ ( ਅੰਗ 433 )

Naanai arvath rehai ghatt anthar har gun gaavai soee ||

ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਆਪਣਾ ਆਪ ਪਰਗਟ ਕਰ ਦੇਵੇ, ਉਹ ਮਨੁੱਖ ਉਸ ਦੀ ਸਿਫ਼ਤ-ਸਾਲਾਹ ਕਰਨ ਲੱਗ ਪੈਂਦਾ ਹੈ॥

ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ॥ ( ਅੰਗ 934 )

Na ko mera kis gahi na ko hoaa n hog ||

(ਪਰਮਾਤਮਾ ਤੋਂ ਬਿਨਾ ਮੈਂ) ਹੋਰ ਕਿਸ ਦਾ ਆਸਰਾ ਲਵਾਂ? (ਜਗਤ ਵਿਚ) ਨਾ ਕੋਈ ਐਸ ਵੇਲੇ ਮੇਰਾ (ਅਸਲ ਸਾਥੀ) ਹੈ, ਨਾ ਕੋਈ ਪਿਛਲੇ ਸਮੇ (ਸਾਥੀ ਬਣਿਆ) ਅਤੇ ਨਾ ਹੀ ਕੋਈ ਕਦੇ ਬਣੇਗਾ॥

ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ॥ ( ਅੰਗ 256 )

Na ko janai apano ekah tek adhar ||

ਜਿਹੜਾ ਮਨੁੱਖ ਇਕ ਪ੍ਰਭੂ ਦਾ ਹੀ ਆਸਰਾ-ਪਰਨਾ ਲੈਂਦਾ ਹੈ, ਕਿਸੇ ਹੋਰ ਨੂੰ ਆਪਣਾ ਆਸਰਾ ਨਹੀਂ ਸਮਝਦਾ,

# ਤ

ਤੱਤਾ = ਤੱ+ਤਾ Tatta

ਉਚਾਰਣ ਮਾਤਰਾ ੱ ਅੱਧਕ

# ਤੱ

**ਤੁਪਕ** Tupak



Gun

ਉਚਾਰਣ ਮਾਤਰਾ ੁ ਔਂਕੜ ਤੁ

**ਤਲਵਾਰ** Talwar



Sword

ਉਚਾਰਣ ਮਾਤਰਾ ਮੁਕਤਾ ਤ

**ਤਾਊਸ** Taus



String Instrument

ਉਚਾਰਣ ਮਾਤਰਾ ਾ ਕੰਨਾ ਤਾ

**ਤਰਕਸ** Tharakas



Quiver Arrow

ਉਚਾਰਣ ਮਾਤਰਾ ਮੁਕਤਾ ਤ

**ਤੇਗਬੰਦ** Thaegbandhi



Sword-Belt

ਉਚਾਰਣ ਮਾਤਰਾ ੇ ਲਾਂਵਾਂ ਤੇ

# ਥ

ਥੱਥਾ = ਥੱ+ਥਾ Thaththa

ਉਚਾਰਣ ਮਾਤਰਾ ੱ ਅੱਧਕ

# ਥੱ

ਥੜਾ ਸਾਹਿਬ Tharha Sahib



Raised Platform

ਉਚਾਰਣ ਮਾਤਰਾ ਮੁਕਤਾ ਥ

ਥਾਵਰ Thhaavar



Saturday

ਉਚਾਰਣ ਮਾਤਰਾ ਾ ਕੰਨਾ ਥਾ

ਥੂਨੀਆ Thooneeaa



Pillars

ਉਚਾਰਣ ਮਾਤਰਾ ੂ ਦੁਲੈਂਕੜ ਥੂ

ਥਿਗਲੀ Thhugalee



Body Parts

ਉਚਾਰਣ ਮਾਤਰਾ ਿ ਸਿਹਾਰੀ ਥਿ

ਥੋਥਰ Thhothar



Empty

ਉਚਾਰਣ ਮਾਤਰਾ ੋ ਹੋੜਾ ਥੋ

ਦ

ਦੱਦਾ = ਦੱ+ਦਾ Dadda

ਉਚਾਰਨ ਮਾਤਰਾ ੱ ਅੱਧਕ

ਦੱ

ਦਸਤਾਰ Dastaar



Turban

ਉਚਾਰਨ ਮਾਤਰਾ ਮੁਕਤਾ ਦ

ਦੀਪ Deep



I land

ਉਚਾਰਨ ਮਾਤਰਾ ੀ ਬਿਹਾਰੀ ੀ

ਦਿਲਰੁਬਾ Dilruba



String Instrument

ਉਚਾਰਨ ਮਾਤਰਾ ਿ ਸਿਹਾਰੀ ਦਿ

ਦਮੜਾ Dhamarraa



Money

ਉਚਾਰਨ ਮਾਤਰਾ ਮੁਕਤਾ ਦ

ਦਸ ਮਾਸ Das Mas



Ten Month's

ਉਚਾਰਨ ਮਾਤਰਾ ਮੁਕਤਾ ਦ

# ਧ

ਧੱਦਾ = ਧੱ+ਦਾ Dhadda

ਉਚਾਰਣ ਮਾਤਰਾ ੱ ਅੱਧਕ

# ਧੱ

**ਧਰਤੀ** Dharti



Earth

ਉਚਾਰਣ ਮਾਤਰਾ ਮੁਕਤਾ ਧ

**ਧਰਮਸਾਲਾ** Dharamsaala



Place of Worship

ਉਚਾਰਣ ਮਾਤਰਾ ਮੁਕਤਾ ਧ

**ਧਵਲੈ** Dhhavalai



Bull

ਉਚਾਰਣ ਮਾਤਰਾ ਮੁਕਤਾ ਧ

**ਧੇਨੁ** Dhaen



Cow

ਉਚਾਰਣ ਮਾਤਰਾ ੇ ਲਾਂਵਾਂ ਧੇ

**ਧਉਲਹਰ** Dhoulhar



Palace

ਉਚਾਰਣ ਮਾਤਰਾ ਮੁਕਤਾ ਧ

# ਨ

ਨੱਨਾ = ਨੱ+ਨਾ Nanna

ਉਚਾਰਣ ਮਾਤਰਾ ੱ ਅੱਧਕ

# ਨੱ

## ਨਿਹੰਗ ਸਿੰਘ Nihang Singh



A sect of Sikh, Singh

ਉਚਾਰਣ ਮਾਤਰਾ ਿ ਸਿਹਾਰੀ ਨਿ

## ਨਿਝਰ Nijhar



Stream

ਉਚਾਰਣ ਮਾਤਰਾ ਿ ਸਿਹਾਰੀ ਨਿ

## ਨਕਸ਼ਾ Naksha



Map

ਉਚਾਰਣ ਮਾਤਰਾ ਮੁਕਤਾ ਨ

## ਨਗਾਰਾ Nagaraa



Drum of Victory

ਉਚਾਰਣ ਮਾਤਰਾ ਮੁਕਤਾ ਨ

## ਨਟੂਐ Nattooai



Buffoon

ਉਚਾਰਣ ਮਾਤਰਾ ਮੁਕਤਾ ਨ

# ਪ

ਪੱਪਾ = ਪੱ+ਪਾ   Pappaa

ਉਚਾਰਣ ਮਾਤਰਾ ੱ ਅੱਧਕ

# ਪੱ

## ਪੰਖੇਰੂ   Pankharoo



Bird

ਉਚਾਰਣ ਮਾਤਰਾ ੰ ਟਿੱਪੀ ਪੰ

## ਪਟਣ   Pattan



Citiy

ਉਚਾਰਣ ਮਾਤਰਾ ਮੁਕਤਾ ਪ

## ਪਾਲਕੀ ਸਾਹਿਬ Palki Sahib



Palki Sahib

ਉਚਾਰਣ ਮਾਤਰਾ ਾ ਕੰਨਾ ਪਾ

## ਪਪੀਲਕਾ   Papeelakaa



Ant

ਉਚਾਰਣ ਮਾਤਰਾ ਮੁਕਤਾ ਪ

## ਪਖਾਵਜ   Pakhaavaj



Pakhaavaj

ਉਚਾਰਣ ਮਾਤਰਾ ਮੁਕਤਾ ਪ

# ਫ

ਫੱਫਾ = ਫੱ+ਫਾ Phaphpha

ਉਚਾਰਣ ਮਾਤਰਾ ੱ ਅੱਧਕ

# ਫੱ

ਫਸਲ Phasal



Crope

ਉਚਾਰਣ ਮਾਤਰਾ ਮੁਕਤਾ ਫ

ਫੋਗ Fog



Crushed Cane

ਉਚਾਰਣ ਮਾਤਰਾ ੋ ਹੋੜਾ ਫੋ

ਫਲ Phal



Fruit

ਉਚਾਰਣ ਮਾਤਰਾ ਮੁਕਤਾ ਫ

ਫੀਲੁ Feel



Elephant

ਉਚਾਰਣ ਮਾਤਰਾ ੀ ਬਿਹਾਰੀ ਫੀ

ਫਟਕ Fattak



Glass

ਉਚਾਰਣ ਮਾਤਰਾ ਮੁਕਤਾ ਫ

# ਬ

ਬੱਬਾ = ਬੱ+ਬਾ Babba

ਉਚਾਰਣ ਮਾਤਰਾ ੱ ਅੱਧਕ

# ਬੱ

ਬੁਰਗੂ Buragoo



Flute

ਉਚਾਰਣ ਮਾਤਰਾ ੁ ਔਂਕੜ ਬੁ

ਬਟਕ Battak



Banyan

ਉਚਾਰਣ ਮਾਤਰਾ ਮੁਕਤਾ ਬ

ਬਾਟਾ Baata



Bowl

ਉਚਾਰਣ ਮਾਤਰਾ ਾ ਕੰਨਾ ਬਾ

ਬਿਖ Bikh




Poison

ਉਚਾਰਣ ਮਾਤਰਾ ਿ ਸਿਹਾਰੀ ਬਿ

ਬ੍ਰਹਮੰਡ Brehemand



The Universe

ਉਚਾਰਣ ਮਾਤਰਾ ਮੁਕਤਾ ਬ

ਭ

ਭੱਬਾ = ਭੱ+ਬਾ Bhabba

ਉਚਾਰਣ ਮਾਤਰਾ ੱ ਅੱਧਕ

ਭੱ

ਭਗਤ Bhagat



Holy Man

ਉਚਾਰਣ ਮਾਤਰਾ ਮੁਕਤਾ ਭ

ਭੁਇਅੰਗਾ Bhueiangaa



Snake

ਉਚਾਰਣ ਮਾਤਰਾ ੁ ਔਂਕੜ ਭੁ

ਭਸਮ Bhasam



Ashes

ਉਚਾਰਣ ਮਾਤਰਾ ਮੁਕਤਾ ਭ

ਭੂਮਿ ਮਸਾਣ Bhoom Masaan



Cremation Land

ਉਚਾਰਣ ਮਾਤਰਾ ੂ ਦੁਲੈਂਕੜ ਭੂ

ਭਸਮਤੀ Bhasamathee



Stove

ਉਚਾਰਣ ਮਾਤਰਾ ਮੁਕਤਾ ਭ

ਮ

ਮੱਮਾ = ਮੱ+ਮਾ Mamma

ਉਚਾਰਣ ਮਾਤਰਾ ੱ ਅੱਧਕ

ਮੱ

ਮੀਡਕੋ Meedako



The Frog

ਉਚਾਰਣ ਮਾਤਰਾ ੀ ਬਿਹਾਰੀ ਮੀ

ਮੂਸਾ Moosaa



Mouse

ਉਚਾਰਣ ਮਾਤਰਾ ੂ ਦੁਲੈਂਕੜ ਮੂ

ਮਿਰਗ Mirag



Deer

ਉਚਾਰਣ ਮਾਤਰਾ ਿ ਸਿਹਾਰੀ ਮਿ

ਮਾਂਦਲੁ Maandhal



Drum

ਉਚਾਰਣ ਮਾਤਰਾ ਾਂ ਕੰਨਾਂ ਬਿੰਦੀ ਭਾਂ

ਮਲੂਕ Malook



A King

ਉਚਾਰਣ ਮਾਤਰਾ ਮੁਕਤਾ ਮ

# ਯ

ਯੱਯਾ = ਯੱ+ਯਾ Yayya

ਉਚਾਰਣ ਮਾਤਰਾ ੱ ਅੱਧਕ

# ਯੱ

**ਯਕ** Yak

੧
ONE
ਇੱਕ
(IKK)
1

One
ਉਚਾਰਣ ਮਾਤਰਾ ਮੁਕਤਾ ਯ

**ਯੁੱਧ** Yudha



War
ਉਚਾਰਣ ਮਾਤਰਾ ੁ, ੱ ਔਂਕੜ,ਅੱਧਕ ਯੁੱ

**ਯਹ ਮਾਲਾ** Yeh Malaa



This Mala
ਉਚਾਰਣ ਮਾਤਰਾ ਮੁਕਤਾ ਯ

**ਯੱਗ** Yag



Yag
ਉਚਾਰਣ ਮਾਤਰਾ ੱ ਅੱਧਕ ਯੱ

**ਯੋਧਾ** Yodha



Worrior
ਉਚਾਰਣ ਮਾਤਰਾ ੋ ਹੋੜਾ ਯੋ

ਰ

ਰਾਰਾ = ਰਾ+ਰਾ Raara

ਉਚਾਰਣ ਮਾਤਰਾ ਾ ਕੰਨਾ

ਰਾ

ਰਾਗੀ ਸਿੰਘ Raage Singh



Hymm Singer

ਉਚਾਰਣ ਮਾਤਰਾ ਾ ਕੰਨਾ ਰਾ

ਰਬਾਬ Rabaab



Rabab

ਉਚਾਰਣ ਮਾਤਰਾ ਮੁਕਤਾ ਰ

ਰੁਹਲਾ Ruhalaa



Lampe Men

ਉਚਾਰਣ ਮਾਤਰਾ ੁ ਔਂਕੜ ਰੁ

ਰਕਤ Rakat



Blood

ਉਚਾਰਣ ਮਾਤਰਾ ਮੁਕਤਾ ਹ

ਰੁੱਖ Rukh



Tree

ਉਚਾਰਣ ਮਾਤਰ ੁ , ੱ ਔਂਕੜ+ ਅੱਧਕ ਰੁੱ

# ਲ

ਲੱਲਾ = ਲੱ+ਲਾ Lallaa

ਉਚਾਰਣ ਮਾਤਰਾ ੱ ਅੱਧਕ

# ਲੱ

**ਲੰਗਰ** **Langar**



Community Kitchen

ਉਚਾਰਣ ਮਾਤਰਾ ੰ ਟਿੱਪੀ ਲੰ

**ਲਸਕਰ** **Lasakar**



Army

ਉਚਾਰਣ ਮਾਤਰਾ ਮੁਕਤਾ ਲ

**ਲੁਗਰਾ** **Loogaraa**



Old Blanket

ਉਚਾਰਣ ਮਾਤਰਾ ੁ ਔਂਕੜ ਲੁ

**ਲਹਬਰ** **Lehabar**



Burning Desire

ਉਚਾਰਣ ਮਾਤਰਾ ਮੁਕਤਾ ਲ

**ਲਉਕੀ** **Loukee**



Gourd

ਉਚਾਰਣ ਮਾਤਰਾ ਮੁਕਤਾ ਲ

# ਵ

ਵੱਵਾ = ਵੱ+ਵਾ Vavvaa

ਉਚਾਰਣ ਮਾਤਰਾ ੱ ਅੱਧਕ

# ਵੱ

ਵਾਤ Vaath



Bugle

ਉਚਾਰਣ ਮਾਤਰਾ ਾ ਕੰਨਾ ਵਾ

ਵਾਟ vaat



Path

ਉਚਾਰਣ ਮਾਤਰਾ ਾ ਕੰਨਾ ਵਾ

ਵਣਖੰਡ Vankhand



Forest

ਉਚਾਰਣ ਮਾਤਰਾ ਮੁਕਤਾ ਵ

ਵਰਭੰਡਾ Varabhandaa



Galaxies

ਉਚਾਰਣ ਮਾਤਰਾ ਮੁਕਤਾ ਵ

ਵੀਗਾ Veegaa



Crookrd Path

ਉਚਾਰਣ ਮਾਤਰਾ ੀ ਬਿਹਾਰੀ ਵੀ

# ੜ

## ੜਾੜਾ = ੜਾ+ੜਾ Rraarra

## ਉਚਾਰਣ ਮਾਤਰਾ ਾ ਕੰਨਾ

# ੜਾ

ੜਾੜਾ ਗੁਰਮੁਖਿ ੜਾੜਿ ਮਿਟਾਈ ॥ ( ਅੰਗ 260 )

Rraarra Gumukh Rraarr Mitaaee ||

ਜਿਨ੍ਹਾ ਨੇ ਗੁਰੂ ਦੀ ਸ਼ਰਨ ਪੈ ਕੇ ਹਉਮੈ ਵਾਲੀ ਚੋਭ ਦੂਰ ਕਰ ਲਈ,

ੜਾੜਾ ੜਾੜਿ ਮਿਟੈ ਸੰਗਿ ਸਾਧੂ॥ ( ਅੰਗ 260 )

Rraarra rraarr mitai sang sadhu ||

( ਮਨੁੱਖ ਦੇ ਅੰਦਰੋਂ ਹਉਮੈ ਦੇ ਕੰਡੇ ਦੀ ) ਚੋਭ ਗੁਰੂ ਦੀ ਸੰਗਤ ਹੀ ਮਿਟਦੀ ਹੈ.

ੜਾੜੈ ਰੂੜਾ ਹਰਿ ਜੀਉ ਸੋਈ॥ ( ਅੰਗ 436 )

Rraarrai roorraa har jeeo soee ||

ਉਹ ਪ੍ਰਭੂ ਹੀ ( ਸਭ ਤੋਂ ਵਧੀਕ ) ਸੁੰਦਰ ਹੈ.

ੜਾੜਿ ਕਰਤ ਸਾਕਤ ਗਾਵਾਰਾ॥ ( ਅੰਗ 260 )

Rraarra karat saakat gaavaaraa ||

ਇਹ ਹਉਮੈ ਵਾਲੀ ਰਗੜ ( ਆਪਣੇ ਅੰਦਰ ) ਉਹੀ ਮੂਰਖ ਮਾਇਆ-ਗ੍ਰਸੇ ਬੰਦੇ ਕਾਇਮ ਰੱਖਦੇ ਹਨ,

ੜਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ॥ ( ਅੰਗ 936 )

Rraarrai gaarurr thum sunahu har vasai man maahi ||

( ਹੇ ਪਾਂਡੇ ! ) ਤੂੰ ਮਨ ਨੂੰ ਵੱਸ ਕਰਨ ਲਈ ( 'ਗੁਰ-ਸ਼ਬਦ' -ਰੂਪ ) ਮੰਤ੍ਰ ਸੁਣ ( ਜਿਸ ਨਾਲ ) ਇਹ ਪ੍ਰਭੂ ਮਨ ਵਿਚ ਆ ਵੱਸੇਗਾ॥

# ਸ਼ ਸ਼ੱ

ਸ਼ੱਸ਼ਾ = ਸ਼ੱ+ਸ਼ਾ Shashsha

ش ਫ਼ਾਰਸੀ ਦਾ ( ਸ਼ੀਨ)

ਉਚਾਰਣ ਮਾਤਰਾ ੱ ਅੱਧਕ

**ਸ਼ਹੀਦ** **Shaheed**



Martyr

ਉਚਾਰਣ ਮਾਤਰਾ ਮੁਕਤਾ ਸ਼

**ਸ਼ੇਰ** **Sher**



Lion

ਉਚਾਰਣ ਮਾਤਰਾ ੇ ਲਾਂਵਾਂ ਸ਼ੇ

**ਸ਼ਰੀਅਤ-ਪ੍ਰਸਤੋ** **Shareeat-Prastu**




Keeper of Dharma

ਉਚਾਰਣ ਮਾਤਰਾ ਮੁਕਤਾ ਸ਼

**ਸ਼ਹਿਜਾਦਾ** **Shehjada**



The Prince

ਉਚਾਰਣ ਮਾਤਰਾ ਮੁਕਤਾ ਸ਼

**ਸ਼ਹੇ-ਸ਼ਬ** **Shahe Shab**



Moon

ਉਚਾਰਣ ਮਾਤਰਾ ਮੁਕਤਾ ਸ਼

# ਖ਼

ਖ਼ੱਖ਼ਾ = ਖ਼ੱ+ਖ਼ਾ Khakhkhaa

خ ਫਾਰਸੀ ਦਾ ( ਖ਼ੇ )

ਉਚਾਰਣ ਮਾਤਰਾ ੱ ਅੱਧਕ

# ਖ਼ੱ

ਖ਼ਾਲਸਾ Khalsa



The Khalsa

ਉਚਾਰਣ ਮਾਤਰਾ ਾ ਕੰਨਾ ਖ਼ਾ

ਖ਼ਾਨਾ Khana



Pathan

ਉਚਾਰਣ ਮਾਤਰਾ ਮੁਕਤਾ ਖ਼

ਖ਼ਬਰਨਾਮਾ Khabarnama



Newsletter

ਉਚਾਰਣ ਮਾਤਰਾ ਮੁਕਤਾ ਖ਼

ਖ਼ਜ਼ਾਨਾ Khazana



Treasure

ਉਚਾਰਣ ਮਾਤਰਾ ਮੁਕਤਾ ਖ਼

ਖ਼ੁਰਮਾਨੀ Khurmani



Apricot

ਉਚਾਰਣ ਮਾਤਰਾ ਮੁਕਤਾ ਖ਼

# ਗ਼

ਗ਼ੱਗ਼ਾ = ਗ਼ੱ+ਗ਼ਾ Gaggaa

ع ਫਾਰਸੀ ਦਾ ( ਗ਼ੈਨ )

ਉਚਾਰਣ ਮਾਤਰਾ ੱ ਅੱਧਕ

# ਗ਼ੱ

ਗ਼ਲੀਚਾ Galicha



Carpet

ਉਚਾਰਣ ਮਾਤਰਾ ਮੁਕਤਾ ਗ਼

ਗ਼ਦਰੀ ਬਾਬੇ

Gaddari babbe



The Gadar Mens

ਉਚਾਰਣ ਮਾਤਰਾ ਮੁਕਤਾ ਗ਼

ਗ਼ਜ਼ਲ Gazal



Ghazal

ਉਚਾਰਣ ਮਾਤਰਾ ਮੁਕਤਾ ਗ਼

ਗ਼ਰਰੀਦ ਸ਼ੇਰ Gararida Sher



The Roaring Loin

ਉਚਾਰਣ ਮਾਤਰਾ ਮੁਕਤਾ ਗ਼

ਗ਼ੈਰ ਹਾਜ਼ਰ Gairhazar




Absent

ਉਚਾਰਣ ਮਾਤਰਾ ੈ ਗ਼

# ਜ਼

ਜ਼ੱਜ਼ਾ = ਜ਼ੱ+ਜ਼ਾ  Zazzaa

ਉਚਾਰਣ ਮਾਤਰਾ ੱ ਅੱਧਕ

ض ز ذ

ਫਾਰਸੀ ਦਾ ( ਜ਼ਾਲ,ਜ਼ੇ,ਜ਼ੁਆਦ )

# ਜ਼ੱ

**ਜ਼ਫ਼ਰਨਾਮਹ  Zafarnamah**



Letter of Victory

ਉਚਾਰਣ ਮਾਤਰਾ ਮੁਕਤਾ ਜ਼

**ਜ਼ੰਜੀਰ  Zanjir**



Chain

ਉਚਾਰਣ ਮਾਤਰਾ ੰ ਟਿੱਪੀ ਜ਼ੰ

**ਜ਼ਿਲ੍ਹਾ  Zilha**




District

ਉਚਾਰਣ ਮਾਤਰਾ ਿ ਸਿਹਾਰੀ ਜ਼ਿ

**ਜ਼ਾਗ਼ੇ  Zaagha**



Crow

ਉਚਾਰਣ ਮਾਤਰਾ ਾ ਕੰਨਾ ਜ਼ਾ

**ਜ਼ਮੀਨੋ  Zamino**



Land

ਉਚਾਰਣ ਮਾਤਰਾ ਮੁਕਤਾ ਜ਼

ਫ਼

ਫ਼ੱਫ਼ਾ = ਫ਼ੱ+ਫ਼ਾ Faffa

ਉਚਾਰਣ ਮਾਤਰਾ ੱ ਅੱਧਕ

ف ਫ਼ਾਰਸੀ ਦਾ ( ਫ਼ੇ )

ਫ਼ੱ

ਫ਼ਤਹਿ Fateh



Victory

ਉਚਾਰਣ ਮਾਤਰਾ ਮੁਕਤਾ ਫ਼

ਫ਼ਿਰਦੌਸੀਏ Ferdowsi



Irani Poet

ਉਚਾਰਣ ਮਾਤਰਾ ਮੁਕਤਾ ਫ਼

ਫ਼ੁਹਾਰਾ Fuhara



Fountain

ਉਚਾਰਣ ਮਾਤਰਾ ੁ ਔਂਕੜ ਫ਼ੁ

ਫ਼ੌਜੋ Foujo



Army

ਉਚਾਰਣ ਮਾਤਰਾ ੌ ਕਨੌੜਾ ਫ਼ੌ

ਫ਼ਾਰਸੀ ਭਾਸ਼ਾ

Farasi Bhasa

وگیہو ومایناس

Persian Language

ਉਚਾਰਣ ਮਾਤਰਾ ਾ ਕੰਨਾ ਫ਼ਾ

ਲਿਖਣ ਸਮੇਂ ਇਹ ਗਲਤੀ ਨਹੀ ਕਰਨੀ ਕਿ ਇਕ ਲਾਈਨ ਵਿਚ ਪੰਜ ਅੱਖਰਾਂ ਤੋਂ ਵੱਧ ਜਾਂ ਘੱਟ ਅੱਖਰ ਨਹੀਂ ਹੋਣੇਂ ਚਾਹੀਦੇ ਹਨ।

# ਬਿੰਦੀ ਵਾਲੇ ਸ਼ਬਦ

# ਸ਼ ਖ਼ ਗ਼ ਜ਼ ਫ਼

ਗੁਰੂ ਸਾਹਿਬ ਜੀ ਨੇ ਫ਼ਾਰਸੀ ਭਾਸ਼ਾ ਦੇ ਅੱਖਰਾਂ ਦੀ ਧੁਨੀ ਪ੍ਰਗਟ ਕਰਨ ਲਈ ਗੁਰਮੁਖੀ ਦੇ ਕੁੱਝ ਅੱਖਰਾਂ ਨੂੰ ਪੈਰ ਬਿੰਦੀ ਲਾ ਕੇ ਵਰਤੋਂ ਵਿਚ ਲਿਆਂਦਾ ਗਿਆ ਹੈ । ਇਹ ਬਿੰਦੀ ਵਾਲੇ ਅੱਖਰ ਫ਼ਾਰਸੀ ਭਾਸ਼ਾਂ ਦੀ ਧੁਨੀ ਨਾਲ ਮੇਲ ਖਾਂਦੇ ਹਨ। ਇੰਨ੍ਹਾ ਅੱਖਰਾਂ ਦੇ ਕੁੱਝ ਅੱਖਰਾਂ ਦੇ ਵਿਚਕਾਰ ਬਿੰਦੀ ਦੀ ਵਰਤੋਂ ਹੁੰਦੀ ਹੈ ਅਤੇ ਕੁੱਝ ਅੱਖਰਾਂ ਦੇ ਬਾਹਰ ਖੱਬੇ ਪਾਸੇ ਬਿੰਦੀ ਦੀ ਵਰਤੋਂ ਹੁੰਦੀ ਹੈ।

**ਜਿਵੇਂ ਕਿ:-**

ਵਿਚਕਾਰ ਬਿੰਦੀ ਵਾਲੇ ਅੱਖਰ - ਸ਼, ਜ਼
ਖੱਬੇ ਪਾਸੇ ਬਿੰਦੀ ਵਾਲੇ ਅੱਖਰ - ਖ਼, ਗ਼, ਫ਼

ਫ਼ਾਰਸੀ ਅਤੇ ਗੁਰਮੁਖੀ ਅੱਖਰਾਂ ਦੀ ਮੂਲ ਧੁਨੀ ਅਤੇ ਵਿਸ਼ੇਸ਼ ਧੁਨੀ

| **ਫ਼ਾਰਸੀ ਅੱਖਰ ਦੀ ਧੁਨੀ** | **ਗੁਰਮੁਖੀ ਅੱਖਰਾਂ ਦੀ ਧੁਨੀ** |
|---|---|
| ਸ਼ੀਨ | ਸ਼ |
| ਖ਼ੇ | ਖ਼ |
| ਗ਼ੈਨ | ਗ਼ |
| ਜ਼ਾਲ, ਜ਼ੁਆਦ, ਜ਼ੇ | ਜ਼ |
| ਫ਼ੇ | ਫ਼ |

# ਭੁਲਾਵੇਂ ਅੱਖਰ

| | | | | |
|---|---|---|---|---|
| ਗ | ਹ | ਤ | ਬ | ਅ |
| ਫ | ਠ | ਘ | ਜ | ਯ |
| ਖ | ਣ | ਰ | ਕ | ਛ |
| ਓ | ਙ | ਮ | ਡ | ਥ |
| ਸ | ਧ | ੳ | ਭ | ਢ |
| ਵ | ਝ | ਦ | ਪ | ਲ |
| ੲ | ਨ | ਚ | ਞ | ਟ |

**ਵਿਸ਼ੇਸ਼ ਜਾਣਕਾਰੀ:-** ਪੰਜਾਬੀ ਵਰਣਮਾਲਾ ਦੇ ਅੱਖਰਾਂ ਨੂੰ ਅੱਗੇ ਪਿੱਛੇ ਲਿੱਖ ਦੇਣਾਂ ਅਤੇ

ਉਨ੍ਹਾਂ ਅੱਖਰਾਂ ਦੀ ਪਹਿਚਾਣ ਕਰਨ ਨੂੰ ਭੁਲਾਵੇਂ ਅੱਖਰ ਕਿਹਾ ਜਾਂਦਾ ਹੈ। ਇਨ੍ਹਾਂ ਭੁਲਾਵੇਂ ਅੱਖਰਾਂ ਦੀ ਪਹਿਚਾਣ ਹੋ ਜਾਣਾ ਹੀ ਪੰਜਾਬੀ ਵਰਣਮਾਲਾ ਦੀ ਸਹੀ ਪਹਿਚਾਣ ਹੈ।

# ਲਘੂ ਅਤੇ ਦੀਰਘ

ਲਘੂ ਅਤੇ ਦੀਰਘ ਬਾਰੇ ਜਾਣਕਾਰੀ ਹੋਣਾ ਬਹੁਤ ਹੀ ਜਰੂਰੀ ਹੈ ਇਸ ਜਾਣਕਾਰੀ ਬਿੰਨਾਂ ਅਸੀ ਅੱਖਰਾਂ ਦੇ ਨਾਲ ਲੱਗਣ ਵਾਲੀਆਂ ਮਾਤ੍ਰਾਂਵਾਂ ਦਾ ਸਹੀ ਉਚਾਰਣ ਨਹੀ ਕਰ ਸਕਦੇ । ਲਘੂ ਅਤੇ ਦੀਰਘ ਮਾਤ੍ਰਾਂਵਾਂ ਨੂੰ ਸਹੀ ਉਚਾਰਣ ਕਰਨ ਵਿਚ ਸਹਾਇਕ ਹੁੰਦੇ ਹਨ।ਲਘੂ ਅਤੇ ਦੀਰਘ ਮਾਤਰਾਂਵਾਂ ਦੀ ਕੁੱਲ੍ਹ ਗਿਣਤੀ 12 ਹੈ।ਜਿੰਨ੍ਹਾਂ ਵਿਚੋਂ ਤਿੰਨ ਮਾਤਰਾਂ ਲਘੂ ਹਨ ਅਤੇ ਤਿੰਨ ਦੀਰਘ ਹਨ।

**ਲਘੂ ਤੋਂ ਭਾਵ**:- ਜਿਸ ਮਾਤਰਾ ਨੂੰ ਉਚਾਰਣ ਕਰਨ ਵਿਚ ਘੱਟ ਸਮਾਂ ਲੱਗੇ ( ਘੱਟ ਬੋਲਣ ਵਾਲੀ ) ਉਸ ਨੂੰ ਲਘੂ ਆਖਦੇ ਹਨ।ਇੰਨ੍ਹਾਂ ਦੀ ਕੁੱਲ ਗਿਣਤੀ ਤਿੰਨ ਹੁੰਦੀ ਹੈ।
ਲਘੂ (1. ਅ - ਮੁਕਤਾ ( ਚਿੰਨ ਰਹਿਤ ), 2. ਇ : ਿ - ਸਿਹਾਰੀ,
3. ਉ : ੁ - ਔਂਕੜ ) ਇਹ ਸਭ ਲਘੂ ਮਾਤਰਾਂ ਹਨ।

**ਦੀਰਘ ਤੋਂ ਭਾਵ**:- ਜਿਸ ਮਾਤਰਾ ਨੂੰ ਉਚਾਰਣ ਕਰਨ ਵਿਚ ਵੱਧ ਸਮਾਂ ਲੱਗੇ ( ਵੱਧ ਬੋਲਣ ਵਾਲੀ ) ਉਸ ਨੂੰ ਦੀਰਘ ਆਖਦੇ ਹਨ।ਦੀਰਘ ਮਾਤਰਾਂ ਦੀ ਕੁੱਲ ਗਿਣਤੀ ਨੋਂ ਹੁੰਦੀ ਹੈ। (1. ਆ - ਕੰਨਾ , 2. ਈ ਬਿਹਾਰੀ , 3. ਊ - ਦੁਲੈਂਕੜ , 4. ਏ - ਲਾਂਵਾਂ , 5. ਐ - ਦੁਲਾਂਵਾਂ , 6. ਓ - ਹੋੜਾ, 7. ਔ - ਕਨੌੜਾ , 8. ਅਂ - ਟਿੱਪੀ , 9. ਆਂ - ਕੰਨਾ ਬਿੰਦੀ ) । ਇਹ ਸਭ ਦੀਰਘ ਮਾਤਰਾਂ ਹਨ।

## ਮੂੰਹ ਦੇ ਵੱਖ ਵੱਖ ਅੰਗਾ ਦੁਆਰਾ ਧੁਨੀਆਂ ਦਾ ਉਚਾਰਣ

| ਮੂੰਹ ਦੇ ਉਚਾਰਣ ਸਥਾਨ | ਧੁਨੀਆਂ |
|---|---|
| ਖੁੱਲਾ ਕੰਠ | ੳ, ਅ, ੲ |
| ਕੋਮਲ ਤਾਲੂ | ਕ, ਖ, ਗ, ਘ, ਙ |
| ਬੁੱਟ ਤੇ ਤਾਲੂ | ਚ, ਛ, ਜ, ਝ, ਞ |
| ਬੁੱਟ | ਨ, ਰ, ਸ, ਲ |

| | |
|---|---|
| ਦੰਦ | ਤ, ਥ, ਦ, ਧ |
| ਕੰਠ ਦੁਆਰ | ਹ |
| ਖਰ੍ਹਵਾ ਤਾਲੂ / ਉਲਟੀ ਜੀਭ | ਟ, ਠ, ਡ, ਢ, ਣ, ੜ |
| ਤਾਲੂ | ਯ |
| ਬੁੱਲ੍ਹ ਤੇ ਦੰਦ | ਵ |

## ਧੁਨੀਆਂ

ਅੱਖਰ ਦੇ ਬੋਲਣ ਤੋਂ ਜੋ ਆਵਾਜ਼ ਨਿਕਲਦੀ ਹੈ, ਉਸ ਨੂੰ ਧੁਨੀ ਆਖਦੇ ਹਨ, ਜੋ ਮੂੰਹ ਦੇ ਵੱਖ- ਵੱਖ ਅੰਗਾਂ ਦੇ ਸਪਰਸ਼ ਕਰਨ ਜਾਂ ਨਾ ਸਪਰਸ਼ ਕਰਨ ‘ਤੇ ਆਉਂਦੀ ਹੈ। ਹਰ ਇਕ ਧੁਨੀ ਨੂੰ ਉਚਾਰਣ ਕਰਨ ਲਈ ਮੂੰਹ ਦੇ ਵੱਖ- ਵੱਖ ਅੰਗਾਂ ਦਾ ਅਹਿਮ ਰੋਲ ਹੁੰਦਾ ਹੈ।

ਹਰ ਇਕ ਧੁਨੀ ਦੀ ਆਪਣੀ ਇਕ ਵੱਖਰੀ ਬਣਤਰ/ ਪਹਿਚਾਣ ਹੂੰਦੀ ਹੈ। ਜਿਸ ਕਰਕੇ ਉਹ ਦੂਜੀਆਂ ਧੁਨੀਆਂ ਨਾਲੋਂ ਵੱਖਰੀ ਹੁੰਦੀ ਹੈ। ਇਸ ਲਈ ਹਰ ਇਕ ਧੁਨੀ ਦਾ ਆਪਣਾ ਵੱਖਰਾ ਪਛਾਣ ਚਿੰਨ ਹੁੰਦਾ ਹੈ।

# ਲਗਾਂ ਮਾਤ੍ਰਾਂ

ਕਿਸੇ ਵੀ ਭਾਸ਼ਾ ਨੂੰ ਸਿਖਣ ਲਈ ਉਸ ਦੇ ਅੱਖਰਾਂ ਦਾ ਗਿਆਨ ਹੋਣਾ ਹੀ ਜਰੂਰੀ ਨਹੀ ਹੁੰਦਾ ਕਿਉਂਕਿ ਹਰ ਇਕ ਭਾਸ਼ਾ ਦੀਆਂ ਕੁੱਝ ਲਗ ਮਾਤ੍ਰਾਂਵਾਂ ਵੀ ਹੁੰਦੀਆਂ ਹਨ। ਇੰਨ੍ਹਾਂ ਦੇ ਗਿਆਨ ਤੋਂ ਬਿੰਨਾ ਅਸੀ ਭਾਸ਼ਾਂ ਨੂੰ ਸਹੀ ਢੰਗ ਨਾਲ ਨਾ ਹੀ ਸਿੱਖ ਸਕਦੇ ਹਾਂ ਅਤੇ ਨਾ ਹੀ ਭਾਸ਼ਾਂ ਦਾ ਸਹੀ ਉਚਾਰਣ ਕਰ ਸਕਦੇ ਹਾਂ।

ਜੋ ਸਮਾਂ ਅੱਖਰ ਦੇ ਉਚਾਰਣ ਧੁਨੀ ਨੂੰ ਲੱਗਦਾ ਹੈ, ਉਸ ਨੂੰ ਮਾਤ੍ਰਾਂ ਆਖਦੇ ਹਨ।

ਅੱਖਰਾਂ ਦੇ ਨਾਲ ਲੱਗਣ ਵਾਲੇ ਚਿੰਨ੍ਹਾਂ ਨੂੰ ਲਗ ਕਿਹਾ ਜਾਂਦਾ ਹੈ ਅਤੇ ਮਾਤਰਾ ਇਸ ਲਈ ਆਖਦੇ ਹਨ ਕਿ ਇਹ ਅੱਖਰਾਂ ਦੇ ਉਚਾਰਣ ਕਰਨ ਵੇਲੇ ਲੱਗਣ ਵਾਲੇ ਸਮੇਂ ਦੇ ਮਾਪ ਨੂੰ ਦੱਸਦੀਆਂ ਹਨ।

ਇੰਨਾਂ ਲਗ ਮਾਤਰਾਂਵਾਂ ਦੇ ਚਿੰਨਾਂ ਦੀ ਕੁੱਲ ਗਿਣਤੀ 12 ਹੈ।

ਜੋ ਇਸ ਪ੍ਰਕਾਰ ਹਨ:-

1. ਮੁਕਤਾ ( ਚਿੰਨ ਰਹਿਤ ), 2. ਕੰਨਾ ( ਾ ), 3. ਸਿਹਾਰੀ ( ਿ ),

4. ਬਿਹਾਰੀ ( ੀ ), 5. ਔਂਕੜ ( ੁ ), 6. ਦੁਲੈਂਕੜ ( ੂ ),

7. ਲਾਂਵਾਂ ( ੇ ), 8. ਦੁਲਾਂਵਾਂ ( ੈ ), 9. ਹੋੜਾ ( ੋ ),

10. ਕਨੌੜਾ ( ੌ ), 11. ਟਿੱਪੀ ( ੰ ), 12. ਕੰਨਾਂ-ਬਿੰਦੀ ( ਂ ) ।

# ਮੁਹਾਰਨੀ

ਸਿੱਖਿਆਰਥੀਆਂ ਵੱਲੋਂ ਪੰਜਾਬੀ ਭਾਸ਼ਾ ਸਿੱਖਣ ਦੀ ਵਿਧੀ ਨੂੰ ਮੁਹਾਰਨੀ ਆਖਦੇ ਹਨ। ਇਸ ਵਿਚ ਸਭ ਸਿੱਖਿਆਰਥੀ ਰਲਕੇ ਪੰਜਾਬੀ ਦੇ ਪੈਂਤੀ ਅਖਰਾਂ ਅਤੇ ਇਨ੍ਹਾਂ ਨਾਲ ਲੱਗਣ ਵਾਲੀਆਂ ਲਗ ਮਾਤ੍ਰਾਵਾਂ ਦਾ ( ਜੋ ਪੁਰਾਤਨ ਵਿਧੀ ਦੁਆਰਾ ਸਿੱਖਾਇਆ ਜਾਂਦਾ ਹੈ ), ਉਸ ਲੈਅਬੱਧ ਤਰੀਕੇ ਨਾਲ ਉੱਚੀ ਉੱਚੀ ਉਚਾਰਨ ਕਰ ਕੇ ਪੰਜਾਬੀ ਭਾਸ਼ਾਂ ਸਿੱਖਣ ਦਾ ਅਭਿਆਸ ਕਰਕੇ ਭਾਸ਼ਾਂ ਦਾ ਮੁੱਢਲਾ ਗਿਆਨ ਹਾਸਲ ਕਰਦੇ ਹਨ। ਇਸ ਦਾ ਗਿਆਨ ਹੋਣਾ ਹਰ ਇਕ ਲਈ ਬਹੁਤ ਹੀ ਜਰੂਰੀ ਹੈ।

ਪੁਰਾਤਨ ਸਮਿਆਂ ਵਿਚ ਭਾਸ਼ਾਂਵਾਂ ਦਾ ਗਿਆਨ ਜਿਆਦਾ ਤਰ ਗੁਰਦੁਆਰਿਆਂ, ਡੇਰਿਆਂ, ਮਦਰੱਸਿਆਂ, ਮੰਦਰਾ ਆਦਿ ਵਿਚ ਦਿੱਤਾ ਜਾਂਦਾ ਸੀ। ਜੋ ਕਿ ਆਪੋ ਆਪਣੀ ਭਾਸ਼ਾਂ ਅਤੇ ਧਾਰਮਿਕ ਵਿੱਦਿਆ ਦਾ ਮੁੱਢਲਾ ਗਿਆਨ ਅਤੇ ਕੁੱਝ ਹੋਰ ਭਾਸ਼ਾਂਵਾਂ ਦਾ ਵੀ ਗਿਆਨ ਦਿਆ ਕਰਦੇ ਸਨ। ਜਿਸ ਦਾ ਜਿਕਰ ਸਿਖ ਰਾਜ ਸਮੇਂ ਮਿਲਦਾ ਹੈ।

**ਖਾਲਸਾ ਰਾਜ ਵਿਚ ਪੜਿਆਂ-ਲਿਖਿਆਂ ਦੀ ਦਰ ਇੰਗਲੈਂਡ ਨਾਲੋਂ ਵੀ ਜਿਆਦਾ ਸੀ –**

**ਡਾ. ਲਾਈਟਨਰ ( ਸੰਨ 1882 )**

ਅੰਗਰੇਜ ਅਫਸਰ ਨੇ ਲਿਖਿਆ ਹੈ ਕਿ 1857 ਦੇ ਗਦਰ ਦੇ ਕਾਰਨਾਂ ਕਰਕੇ ਖਾਲਸਾ ਰਾਜ ਦਾ ਸਿਖਿਆ ਢਾਂਚਾ ਤਬਾਹ ਕੀਤਾ ਗਿਆ। ਲਿਕਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਖਜ਼ਾਨੇ ਦਾ ਵੱਡਾ ਹਿੱਸਾ ਸਿਖਿਆ ਤੇ ਖਰਚ ਕਰਦਾ ਸੀ। ਈਸਟ ਇੰਡਿਆ ਕੰਪਨੀ ਨਾਲੋਂ ਵੀ ਕਿਤੇ ਜਿਆਦਾ। ਹਰ ਮਸੀਤ, ਹਰ ਮੰਦਰ, ਤੇ ਹਰ ਧਰਮਸ਼ਾਲਾ ( ਗੁਰਦੁਆਰਾ ) ਦੇ ਨਾਲ ਸਕੂਲ ਜੁੜੇ ਹੋਏ ਸਨ। ਕਿਸੇ ਵੀ ਜਮਾਤ ( ਕਲਾਸ ) ਵਿਚ 50 ਤੋਂ ਵੱਧ ਵਿਦਿਆਰਥੀ ਨਹੀ ਸਨ ਹੋ ਸਕਦੇ। ਉਲਘਣਾਂ ਕਰਨ ਤੇ ਮੁਨਸ਼ੀ ਨੂੰ ਦੰਡ ਦਿੱਤਾ ਜਾਂਦਾ

ਸੀ।ਲੜਕੀਆਂ ਦੀ ਪੜਾਈ ਦਰ ਮੁੰਡਿਆਂ ਨਾਲੋਂ ਵੱਧ ਸੀ।ਸਿਰਫ ਲਾਹੌਰ ਜਿਲ੍ਹੇ ਵਿਚ ਹੀ 576 ਸਕੂਲ ਸਨ।ਸਿਆਲਕੋਟ ਪੜਾਈ ਵਿਚ ਸਭ ਤੋਂ ਅੱਗੇ ਸਨ।ਖਾਲਸਾ ਰਾਜ ਵਿਚ ਪੜਾਈ-ਲਿਖਾਈ ਦਰ 0.55% ਸੀ ਜੋ ਉਸ ਵੇਲੇ ਦੇ ਇੰਗਲੈਂਡ ਨਾਲੋਂ ਵੀ ਬਹੁਤ ਬਿਹਤ੍ਰ ਸੀ।ਦੇਸੀ ਪੜਾਈ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਅੰਗਰੇਜਾਂ ਨੇ ਸਕੂਲ,ਕੈਦੇ ਤੇ ਕਿਤਾਬਾਂ ਅੰਬਾਰ ਲਾ ਲਾ ਸਾੜੇ। ( 1809 **ਵਿਚ ਚਾਰਲਸ ਟੀ. ਮੈਟਕਾਲਫ਼ ਅੰਮ੍ਰਿਤਸਰ ਦੀ ਸੰਧੀ** ਵੇਲੇ ਜਦੋਂ ਪੰਜਾਬ ਆਇਆ ਤਾਂ ਜਦੋਂ ਉਸ ਨੇ ਪੰਜਾਬ ਦੇ ਸਿਸਟਮ ਨੂੰ ਦੇਖਿਆ ਤਾਂ ਉਹ ਹੈਰਾਨ ਰਹਿ ਗਿਆ।ਉਸ ਨੇ ਤਿੰਨ ਗੱਲਾਂ ਖਾਸ ਨੋਟ ਕੀਤੀਆਂ ਅਤੇ  ਜਾ ਕੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਬੋਲੀਆਂ ਸਨ।ਉਹ ਇਹ ਸਨ: ਕਿ ਖਾਲਸਾ ਰਾਜ ਸਮੇਂ ਹਰ ਪਿੰਡ, ਸਕੂਲ ਵਿਚ ਘੜੀਆਂ ਲੱਗੀਆਂ ਹੋਈਆਂ ਹਨ।ਜੋ ਸੂਰਜ ਘੜੀਆਂ ਹੁੰਦੀਆਂ ਹਨ।ਪਰ ਉਸ ਸਮੇਂ ਇੰਗਲੈਂਡ ਦੇ ਵਿਚ ਘੜੀਆਂ ਦਾ ਰਿਵਾਜ਼ ਨਹੀ ਸੀ ਹੁੰਦਾ।ਉਹ ਕਹਿੰਦਾ ਹੈ ਕਿ ਤੁਹਾਡਾ ਇਕ ਗੋਲਡਨ ਟੈਂਪਲ ( ਹਰਿਮੰਦਰ ਸਾਹਿਬ ) ਹੈ ਜਿਥੇ ਸਮੇਂ ਦੇ ਅਨੁਸਾਰ ਮਿਉਜਿਕ ਟਿਉਨ ਭਾਵ ਕੀਰਤਨ ਦੇ ਰਾਗ ਗਾਏ ਜਾਂਦੇ ਹਨ।ਉਥੇ ਸੂਰਜੀ ਘੜੀ ਲੱਗੀ ਹੋਈ ਹੈ। ਜਿਸ ਨੂੰ ਭਾਈ ਲਹਿਣਾ ਸਿੰਘ ਜੀ ਤਿਆਰ ਕੀਤਾ ਸੀ।ਕਹਿੰਦਾ ਇਹ ਸਮੇਂ ਦਾ ਬਹੁਤ ਪਾਬੰਦ ਨੇ।ਮੈਟਕਾਲਫ਼ ਨੇ ਬ੍ਰਿਟਿਸ਼ ਪਾਰਲੀਮੈਂਟ ਵਿਚ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਇਸ ਸਮੇਂ ਪੰਜਾਬ( ਖਾਲਸਾ ਰਾਜ) ਵਿਚ ਦੋ ਸਭ ਤੋਂ ਵੱਡੇ ਪ੍ਰੋਜੇਕਟਾਂ ਤੇ ਕੰਮ ਕਰ ਰਿਹਾ ਹੈ।ਉਸ ਦੇ ਦੋ ਮੁੱਖ ਅਜੰਡੇ ਨੇ ਕਿ 1809 ਵਿਚ ਆਪਣੀ ਕੇਵਨਿਟ ਬੈਠਕ ਵਿਚ ਇਹ ਮਤਾ ਪਾਸ ਕੀਤਾ ਸੀ ਕਿ **ਦੂਜਾ** ਮਤਾ ਪੰਜਾਬ ਦੇ ਹਰ ਇਕ ਨਾਗਰਿਕ ਨੂੰ ਪੜਾਉਣਾ ਹੈ।ਹਰ ਬਜ਼ੁਰਗ, ਹਰ ਬੱਚੇ ਤੱਕ ਪੜਾਈ ਪੁਹਚਾਉਣੀ ਹੈ।ਮੈਟਕਾਲਫ਼ ਕਹਿੰਦਾ ਹੈ ਕਿ ਸਾਡੇ ਕੋਲ ਤਾਂ ਪੜਾਈ ਨੂੰ ਲੈ ਕੇ ਕੋਈ ਵੀ ਐਕਟ ਹੀ ਨਹੀ ਹੈ।ਉਸ ਨੇ ਪੰਜਾਬ ਵਿਚ ਸ਼ੁਰੂ ਵੀ ਕਰ ਦਿੱਤਾ ਹੈ।**ਤੀਜਾ ਪ੍ਰੋਜੇਕਟ ਸੀ** ਮਹਾਰਾਜਾ ਰਣਜੀਤ ਸਿੰਘ ਦਾ ਕਿ ਆਪਣੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਸੇਲਫ ਡਿਫੇਂਸ (ਆਤਮਿਕ ਰੱਖਿਅਕ) ਵਿਚ ਐਨਾ ਮਜਬੂਤ ਕਰ ਦੇਣਾ ਹੈ ਕਿ ਹਰ ਪਿੰਡ ਕੋਲ ਅਸਲਾ ਹੋਵੇਗਾ,ਆਪਣੀ ਫੌਜ ਹੋਵੇਗੀ ਜੋ ਵਲੰਟੀਅਰ ਹੋਵੇਗੀ ਉਸ ਨੂੰ ਕੋਈ ਤਨਖਾਹ ਨਹੀ ਦਿੱਤੀ ਜਾਵੇਗੀ।ਜੋ ਆਪਣੇ ਪਿੰਡਾਂ ਦੀ ਰੱਖਿਆ ਆਪ ਕਰਿਆ ਕਰੇਗੀ ਉਨ੍ਹਾਂ ਕੋਲ ਇਹ ਅਧਿਕਾਰ ਹੋਣਗੇ ਕਿ ਉਹ ਜੇ ਮੈ ਵੀ ਕੋਈ ਗਲਤ ਫੈਸਲਾ

ਲੈਂਦਾ ਹਾਂ ਤਾਂ ਪੰਚਾਇਤ ਉਸ ਫੈਸਲੇ ਨੂੰ ਬਦਲ ਸਕਦੀ ਹੈ।ਮੈਟਕਾਲਫ਼ ਕਹਿੰਦਾ ਹੈ ਕਿ ਉਸ ਨੇ ਇਹ ਮਤੇ ਪਾਸ ਕੀਤੇ ਹੋਏ ਸਨ।ਉਹ ਕਹਿੰਦਾ ਕਿ 1830 ਦਾ ਡਾਟਾ ਦੇਖੀਏ ਤਾਂ ਪੰਜਾਬ ਦਾ ਹਰ ਨਾਗਰਿਕ ( ਬੱਚਾ, ਬਜੁਰਗ) ਉਸ ਸਮੇਂ ਪੜ੍ਹ ਚੁੱਕਿਆ ਸੀ। ਅੱਗੇ ਕਹਿੰਦਾ ਹੈ ਕਿ ਸਾਡੇ ਇੰਗਲੈਂਡ ਵਿਚ ਇਹ ਰੂਲ ( ਨਿਯਮ) ਐਲੀਮੇਂਟਰੀ ਐਜੁਕੇਸ਼ਨ ਐਕਟ 1870 ਵਿਚ ਜਾ ਕੇ ਲਾਗੂ ਹੋਇਆ ਸੀ।ਪਰ ਖਾਲਸਾ ਰਾਜ ਵਿਚ ਇਹ 1830 ਵਿਚ ਹੀ ਕੰਮ ਮੁਕੰਮਲ ਹੋ ਗਿਆ ਸੀ।ਫਿਰ ਜਦੋਂ 1859 ਵਿਚ ਪੰਜਾਬ ਨੂੰ ਆਪਣੇ ਕਬਜੇ ਵਿਚ ਲੈ ਲਿਆ ਤਾਂ ਸਭ ਤੋਂ ਪਹਿਲਾਂ ਅਸੀ ਤੁਹਾਡਾ ਐਜੁਕੇਸ਼ਨ ਸਿਸਟਮ ਨੂੰ ਖਤਮ ਕਰਨ ਬਾਰੇ ਫੈਸਲਾ ਲਿਆ।ਸਭ ਤੋਂ ਪਹਿਲਾ ਕੰਮ ਅਸੀ ਕਿੰਗਜ਼ ਕਾਲਜ਼ ਦੇ ਇਕ ਪ੍ਰੋਫੇਸਰ **ਜੀ ਡਬਲੀਯੂ ਲੈਟਨਰ** ਨੂੰ ਈਸ਼ਟ ਇੰਡਿਆ ਕੰਪਨੀ ਨੇ ਪਹੁੰਚ ( ਅਪ੍ਰੋਚ ) ਕੀਤੀ ਕਿ ਪੰਜਾਬ ਦੇ ਐਜੁਕੇਸ਼ਨ ਸਿਸਟਮ ਨੂੰ ਖਤਮ ਕਰਨਾ ਹੈ ਸਾਡੀ ਕੋਈ ਮਦਦ ਕਰੋ ਤਾਂ ਉਹ ਡਾ. ਲੈਟਨਰ ਸੀ ਜਿਸਨੂੰ ਪੰਜਾਹ (50) ਭਾਸ਼ਾਂਵਾਂ ਆਉਂਦੀਆਂ ਸਨ ਜਿਨਾਂ ਨੂੰ ਉਹ ਪਾਣੀ ਵਾਂਗ ਬੋਲਦਾ ਸੀ।ਉਸ ਨੂੰ ਈਸਟ ਇੰਡਿਆ ਕੰਪਨੀ ਨੇ ਕਿਹਾ ਕਿ ਪੰਜਾਬ ਦਾ ਐਜੁਕੇਸ਼ਨ ਸਿਸਟਮ ਖਤਮ ਕਰਨਾ ਹੈ ਕਿੰਨੇ ਪੈਸੇ ਤੇ ਕਿੰਨਾ ਸਮਾਂ ਲਏਗਾ ? ਤਾਂ ਉਸ ਨੇ ਕਿਹਾ ਕਿ ਪਹਿਲਾਂ ਮੈਨੂੰ ਉਹ ਸਿਸਟਮ ਜਾ ਕੇ ਦੇਖ ਲੈਣ ਦਿਉ ਕਿ ਸਿਸਟਮ ਹੈ ਕੀ ? ਉਹ ਇਥੇ ਆਇਆ ਤੇ ਉਸ ਨੇ ਆਪਣੀ ਪੁਸਤਕ The History of Indigenous Education in the Punjab Since Annexation and in 1882. ਵਿਚ ਲਿਖਿਆ ਹੈ ਕਿ ਮੈ ਹੇਰਾਨ ਰਿਹ ਗਿਆ ਕਿ ਇੰਨ ਮਜਬੂਤ ਤੇ ਵਧੀਆ ਸਿਸਟਮ ਸੀ ਪੰਜਾਬ ਦੇ ਹਰ ਮੰਦਰ, ਹਰ ਮਸੀਤ, ਹਰ ਧਰਮਸ਼ਾਲਾ ਦੇ ਨਾਲ ਇਕ ਸਕੂਲ ਹੁੰਦਾ ਸੀ।ਉਹ ਕਹਿੰਦਾ ਹੈ ਖਾਲਸਾ ਰਾਜ ਵਿਚ ਮਹਾਰਾਜਾ ਰਣਜੀਤ ਸਿੰਘ ਮੁਸਲਮਾਨਾਂ ਨੂੰ ਮਸਜਿਦ ਬਣਾਉਣ ਦੀ ਆਗਿਆ ਉਦੋ ਤੱਕ ਨਹੀ ਸੀ ਦਿੰਦਾ ਜਦੋਂ ਤੱਕ ਉਹ ਮਸਜਿਦ ਦੇ ਨਾਲ ਇਕ ਸਕੂਲ ਨਹੀ ਸੀ ਬਣਾਉਂਦੇ, ਹਿੰਦੂਆਂ ਨੂੰ ਮੰਦਰ ਬਣਾਉਣ ਦੀ ਆਗਿਆ ਉਦੋ ਤੱਕ ਨਹੀ ਸੀ ਦਿੰਦਾ ਜਦੋ ਤੱਕ ਉਹ ਮੰਦਰ ਦੇ ਨਾਲ ਇਕ ਸਕੂਲ ਨਹੀ ਸੀ ਬਣਾਉਂਦੇ, ਸਿੱਖਾਂ ਨੂੰ ਧਰਮਸ਼ਾਲਾ ( ਗੁਰਦੁਆਰਾ ) ਬਣਾਉਣ ਦੀ ਆਗਿਆ ਉਦੋ ਤੱਕ ਨਹੀ ਸੀ ਜਦੋ ਤੱਕ ਉਹ ਸਕੂਲ ਨਹੀ ਸੀ ਬਣਾਉਂਦੇ। ਇੰਨਾਂ ਮਜਬੂਤ ਸਿਸਟਮ ਸੀ। ਕਹਿੰਦਾ ਇਹ ਕੋਈ ਅਸਾਨ ਕੰਮ ਨਹੀ ਹੈ।ਇਹ ਸਿਸਟਮ ਨੂੰ

ਖਤਮ ਕਰਨ ਦੇ ਲਈ ਮੈਨੂੰ ਘੱਟੋ ਘੱਟ 50 ਸਾਲ ਲੱਗਣਗੇ। ਹਰ ਇਕ ਬੰਦਾ ਆਪਣੇ ਆਪ ਵਿਚ ਤੋਪ ਹੈ। ਈਸ਼ਟ ਇੰਡਿਆ ਕੰਪਨੀ ਕਹਿੰਦੀ ਕਿ ਤੈਨੂੰ 50 ਸਾਲ ਦਾ ਸਮਾਂ ਦਿੱਤਾ। ਜਦੋਂ ਉਹ ਇਥੇ ਪੰਜਾਬ ਆਇਆ ਤਾਂ ਉਸ ਨੂੰ ਸਭ ਤੋਂ ਪਹਿਲਾਂ ਜਿਲ਼੍ਹਾ ਐਜੂਕੇਸ਼ਨ ਅਫਸਰ ਅੰਮ੍ਰਿਤਸਰ ( ਉਦੋਂ ਇੰਸਪੈਕਟਰ ਆਫ ਐਜੂਕੇਸ਼ਨ ਸਕੂਲ ਹੁੰਦਾ ਸੀ ) ਲਾਇਆ ਗਿਆ। ਬਾਅਦ ਵਿਚ ਇਸ ਨੂੰ ਲਾਹੌਰ ਸਰਕਾਰੀ ਕਾਲਜ ਦਾ ਪ੍ਰਿਸੀਪਲ ਲਾਇਆ ਗਿਆ। ਬਾਅਦ ਵਿਚ ਇਹੀ ਲਾਹੌਰ ਯੂਨੀਵਰਸਿਟੀ ਦਾ ਫਾਉਂਡਰ ਬਣਿਆ। ਇਹੀ ਬੰਦਾ ਬ੍ਰਿਟਿਸ਼ ਹਾਈ ਕਮੀਸ਼ਨ ਆਫ ਐਜੂਕੇਸ਼ਨ ਨੂੰ ਲੀਡ ( ਅਗਵਾਈ ) ਕਰਦਾ ਰਿਹਾ। ਉਹ ਕਹਿੰਦਾ ਕਿ ਮੈ 50 ਸਾਲਾ ਲਈ ਆਇਆ ਸੀ ਪਰ ਮੈ 33 ਸਾਲਾ ਵਿਚ ਇਹ ਕੰਮ ਪੂਰਾ ਕਰ ਦਿੱਤਾ ਸੀ। ਸਰਕਾਰ ਨੇ ਮੈਨੂੰ ਪੂਰਾ ਸਹਿਯੋਗ ਦਿੱਤਾ। 1882 ਵਿਚ ਉਸ ਨੇ ਇਕੱਲੇ ਇਕੱਲੇ ਪਿੰਡ ਦੀ ਗਾਥਾ ਲਿੱਖ ਦਿੱਤੀ ਸੀ ਕੀ ਮੈ ਕਿਵੇਂ ਕੰਮ ਕੀਤਾ। ਜਿਸ ਵਿਚ ਉਹ ਇਕ ਪਿੰਡ ਦਾ ਜਿਕਰ ਕਰਦਾ ਹੈ ਕਿ ਇਕ ਪਿੰਡ ਸਿਆਲਕੋਟ ਦਾ ਚੂਹੜ ਚੱਕ ਜਿਸ ਦੀ ਕੁੱਲ ਅਬਾਦੀ 1500 ਦੀ ਹੈ ਅਤੇ 1859 ਵਿਚ 1500 ਦੇ 1500 ਸਾਰੇ ਹੀ ਪੜ੍ਹੇ ਲਿੱਖੇ ਸਨ। ਪਰ ਅੱਜ ਸਿਰਫ 1500 ਚੋਂ ਸਿਰਫ 10 ਬੰਦੇ ਹੀ ਪੜ੍ਹੇ ਲਿੱਖੇ ਹਨ, ਖੁਸ਼ ਹੋ ਮੇਰੇ ਕੰਮ ਤੋਂ ? ਅੰਗਰੇਜ ਅਫਸਰ ਨੂੰ ਕਹਿੰਦਾ ਉਹ ਕਿ ਤੁਸੀ ਮੇਰੀ ਬਹੁਤ ਮਦਦ ਕੀਤੀ। ਮੈਨੂੰ ਪੰਜਾਬ ਦੇ ਹਰ ਪਿੰਡ ਹਰ ਘਰ ਵਿਚੋਂ ਫੌਜ ਚਾਹੀਦੀ ਹੈ। ਕਿਸ ਲਈ ਫੌਜ ਚਾਹੀਦੀ ਹੈ? ਇਹ ਇਕ ਦਸਤਾਵੇਜ਼ ਹੈ ਜੋ ਬ੍ਰਿਟਿਸ਼ ਸਰਕਾਰ ਦਾ ਇਕ ਆਡਰ ( ਹੁਕਮ ) ਹੋਇਆ ਸੀ ਕਿ ਪੰਜਾਬੀਆਂ ਦੇ ਘਰਾਂ ਵਿਚ ਅਸਲਾ, ਬਦੂਕਾਂ, ਤਲਵਾਰਾਂ ਤੇ ਗੰਡਾਸੇ ਹਨ। ਇਹ ਸਭ ਤੁਸੀ ਬ੍ਰਿਟਿਸ਼ ਸਰਕਾਰ ਨੂੰ ਜਮ੍ਹਾ ਕਰਵਾ ਦਿਉ ਜਿਸ ਦੇ ਬਦਲੇ ਸਰਕਾਰ ਤੁਹਾਨੂੰ ਇੱਕ ਇੱਕ ਹਥੀਆਰ ਦੇ ( ਤਿੰਨ 3 ਆਨੇ ) ਦੇਵੇਗੀ ਅਤੇ ਇੱਕ ਇੱਕ ਕਾਇਦੇ ਦੇ ( ਛੇ 6 ਆਨੇ ) ਦੇਵੇਗੀ। ਤੁਸੀ ਸਰਕਾਰ ਨੂੰ ਜਮ੍ਹਾ ਕਰਵਾ ਦਿਉ। ਉਸ ਨੇ ਧੰਨਵਾਦ ਕੀਤਾ ਕਿ ਤੁਸੀ ਮੇਰੀ ਇਸ ਮੁਹੀਮ ਵਿਚ ਮਦਦ ਕੀਤੀ। ਕਹਿੰਦਾ ਅਸੀ ਇਕ ਇਕ ਘਰ ਦੀ ਤਲਾਸ਼ੀ ਲੈ ਕੇ ਕਾਇਦੇ ਇਕੱਠੇ ਕੀਤੇ ਗਏ ਤੇ ਸਾੜ ਦਿੱਤੇ ਗਏ। ਆਖਿਰ ਉਨ੍ਹਾਂ ਕਾਇਦਿਆਂ ਵਿਚ ਅਜਿਹਾ ਕੀ ਸੀ ਜਿਸ ਦਾ ਮੁੱਲ ਉਸ ਸਮੇਂ ਛੇ 6 ਆਨੇ ਰੱਖਿਆ ਗਿਆ ? ਉਨ੍ਹਾਂ ਕਾਇਦਿਆਂ ਵਿਚ ਧੰਨ ਧੰਨ ਸਾਹਿਬ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਸ਼ਬਦਾਬਲੀ ਦਰਜ਼ ਸੀ ਜੋ ਹਰ

ਧਰਮ ਦੇ ਹਰ ਇਕ ਸਕੂਲ ਦੇ ਹਰ ਇਕ ਬੱਚੇ ਨੂੰ ਚਾਹੇ ਉਹ ਕਿਸੇ ਧਰਮ ਦਾ ਭਾਵੇਂ ਹਿੰਦੂ, ਮੁਸਲਿਮ ਜਾਂ ਸਿੱਖ ਹੋਵੇ ਉਸ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਦੀ ਸੀ। ਜੋ ਉਸ ਕਾਇਦੇ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ( ਅਧਿਆਤਮਿਕ ਤੇ ਪਵਿਤੱਰ ) ਸਕਰਾਤਮਿਕ ਵਿਚਾਰਧਾਰਾ ਦੇ ਨਾਲ ਜੋੜਣ ਦਾ ਜ਼ਰੀਆ ਸੀ ਇਸ ਕਰਕੇ ਉਨ੍ਹਾਂ ਕਾਇਦਿਆਂ ਨੂੰ ਸਾੜਿਆ ਗਿਆ ਸੀ। ਜਹਿੜੀ ਉਸ ਸਮੇਂ ਖਾਲਸਾ ਰਾਜ ਦੀ ਆਰਥਿਕ ਵਿਵਸਥਾ ਸੀ ਉਹ ਬਹੁਤ ਹੀ ਮਜਬੂਤ ਸੀ। ਜੋ ਕਿ ਖਾਲਸਾ ਰਾਜ ( ਪੰਜਾਬ ) ਦੇ ਸਿੱਕੇ ( ਕਰੰਸੀ, Currency ) ਦੀ ਕੀਮਤ ਇੰਗਲੈਂਡ ਦੇ ਸਿੱਕੇ ( ਕਰੰਸੀ, Currency ) ਨਾਲੋਂ ਬਾਰ੍ਹਾਂ-ਤੇਰਾਂ ( 12-13% ) ਵੱਧ ਸੀ। ਇਸੇ ਕਰਕੇ ਯੂਰੋਪ ਦੇਸ਼ਾਂ ਦੇ ਲੋਕ ਖਾਲਸਾ ਰਾਜ ਵਿਚ ਆ ਕੇ ਮਜਦੂਰੀ ( ਨੋਕਰੀ ) ਕਰਦੇ ਸਨ। ਯੂਰੋਪ ਦੇ ਲੋਕ ਇਸ ਕਰਕੇ ਖਾਲਸਾ ਰਾਜ ਵਿਚ ਨੋਕਰੀ ਕਰਨ ਆਉਂਦੇ ਸਨ ਕਿਉਂਕਿ ਉਨ੍ਹਾਂ ਦੀ ਆਪਣੀ ਅਤੇ ਉਨ੍ਹਾਂ ਦੇ ਦੇਸ਼ ਦੀ ਆਰਥਿਕ ਵਿਵਸਥਾ ਵਿਚ ਸੁਧਾਰ ਆ ਜਾਂਦਾ ਸੀ। ਉਂਜ ਭਾਰਤ ਦੀਆਂ ਸਰਕਾਰਾਂ ਨੇ ਵੀ ਪੰਜਾਬ ਨਾਲ ਘੱਟ ਨਹੀ ਗੁਜਾਰੀ। ਪੜ੍ਹਾਈ-ਲਿਖਾਈ ਦਰ ਪੱਖੋਂ ਪੰਜਾਬ 1951 ਵਿਚ ਭਾਰਤ ਭਰ ਵਿਚ ਚੌਥੇ ਨੰਬਰ ਤੇ ਸੀ ਜੋ 1961 ਵਿਚ 13ਵੇਂ ਨੰਬਰ ਤੇ ਪਹੁੰਚ ਗਿਆ। ਚੀਨ ਤੇ ਪਾਕਿਸਤਾਨ ਦੀ ਲੜਾਈ ਮੌਕੇ ਪੰਜਾਬੀਆਂ ਦੀ ਬਹਾਦਰੀ ਤੋਂ ਪ੍ਰਭਾਵਤ ਹੋ ਕੇ ਭਾਰਤ ਸਰਕਾਰ ਨੇ ਫਿਰ ਪੰਜਾਬ ਵਿਚ ਪੜ੍ਹਾਈ ਨੂੰ ਉਤਸ਼ਾਹ ਦਿਤਾ ਗਿਆ ਤੇ ਪੰਜਾਬ 1971 ਵਿਚ 11ਵੇਂ ਨੰ. ਤੇ ਆ ਗਿਆ। ਅੱਜ ਭਾਰਤ ਵਿਚ ਪੰਜਾਬ ਪੜ੍ਹਾਈ ਦਰ ਵਿਚ 21ਵੇਂ ਨੰਬਰ ਤੇ ਹੈ। ਇਥੋਂ ਤੱਕ ਕਿ ਗਵਾਂਢੀ ਰਾਜ ਵੀ ਪੰਜਾਬ ਤੋਂ ਕਿਤੇ ਅੱਗੇ ਹਨ । ਸਰਕਾਰਾਂ ਨੇ ਜਾਣ ਬੁੱਝ ਕੇ ਪੰਜਾਬ ਦਾ ਸਿਖਿਆ ਢਾਂਚਾ ਤਬਾਹ ਕਰ ਰਖਿਆ ਹੈ। ਸਰਕਾਰੀ ਸਕੂਲਾਂ ਵਿਚ ਨਕਲ ਤੇ ਜਾਣ ਬੁੱਝ ਕੇ ਕੰਟਰੋਲ ਨਹੀ ਕੀਤਾ ਜਾਂਦਾ ਨਾ ਹੀ ਸਕੂਲਾਂ ਦੀ ਪੜ੍ਹਾਈ ਦੇ ਸਿਸਟਮ ਵਿਚ ਸੁਧਾਰ ਕੀਤਾ ਜਾਂਦਾ ਹੈ। ਪੰਜਾਬ ਦੇ ਪਰਾਈਵੇਟ ( ਕਾਨਵੈਂਟ ) ਸਕੂਲਾਂ ਵਿਚ ਹੀ ਪੰਜਾਬੀ ਨੂੰ ਤੀਸਰਾ ਸਥਾਨ ਦਿਤਾ ਜਾਂਦਾ ਹੈ ; ਹਿੰਦੀ ਤੇ ਅੰਗਰੇਜੀ ਤੋਂ ਬਾਅਦ। ਕੁੱਝ ਪਰਾਈਵੇਟ ਅਤੇ ਕਾਨਵੈਂਟ ਸਕੂਲਾਂ ਵਿਚ ਪੰਜਾਬੀ ਬੋਲਣ ਤੇ ਪੂਰਨ ਤੋਰ ਤੇ ਪਾਬੰਦੀ ਲਾਈ ਗਈ ਹੈ।

**ਆਉ ਆਪਣੇ ਵਿਰਸੇ ਦੀ ਸੰਭਾਲ ਕਰੀਏ ਅਤੇ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਇਸ ਅਮੀਰ ਵਿਰਸੇ ਨਾਲ ਜਾਣੂ ਕਰਵਾਈਏ ਅਤੇ ਉਸ ਨਿਰੋਲ**

**ਖਾਲਸਾ ਰਾਜ ਦੀ ਵਿਵਸਥਾ ਨੂੰ ਪੁਨਰ ਜੀਵਤ ਕਰੀਏ ਜੀ ਅਤੇ ਉਸ ਵਿਦਿਅਕ ਪ੍ਰਣਾਲੀ ਨੂੰ ਮੁੜ ਸੁਰਜੀਤ ਕਰੀਏ।**

ਪੰਜਾਬੀ ਭਾਸ਼ਾਂ ( ਮੁਹਾਰਨੀ ) ਉਚਾਰਨ ਦਾ ਇਹ ਤਰੀਕਾ ਪ੍ਰਾਇਮਰੀ ਸਕੂਲਾਂ ਵਿਚ ਅਪਣਾਇਆ ਜਾਂਦਾ ਹੈ।ਪਰ ਅੱਜ ਦਾ ਯੁੱਗ ਬਹੁ ਟੈਕਨੋਲੋਜੀ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾਂ ਦਾ ਸਹੀ ਗਿਆਨ ਹਰ ਇਕ ਕੋਲ ਨਹੀ ਹੈ।ਸਕੂਲਾਂ ਵਿਚ ਵੀ ਬੱਚਿਆਂ ਨੂੰ ਮੁਹਾਰਨੀ ਦਾ ਸਹੀ ਉਚਾਰਨ ਨਹੀ ਕਰਵਾਇਆ ਜਾ ਰਿਹਾ ਹੈ।ਜਿਸ ਕਾਰਨ ਸਾਡੇ ਬੱਚੇ ਪੰਜਾਬੀ ਭਾਸ਼ਾਂ ਦਾ ਸਹੀ ਗਿਆਨ ਹਾਸਲ ਨਹੀ ਕਰ ਪਾ ਰਹੇ।ਸਕੂਲਾਂ ਵਿਚ ਬੱਚਿਆਂ ਨੂੰ ( ਙ,ਞ ) ਅੱਖਰਾਂ ਦੇ ਨਾਲ ਨਾਲ ਕੁੱਝ ਮੁਹਾਰਨੀ ਦੀਆਂ ਲਗ ਮਾਤ੍ਰਾਂਵਾਂ ਦਾ ਵੀ ਸਹੀ ਉਚਾਰਨ ਨਹੀ ਦੱਸਿਆ ਜਾ ਰਿਹਾ ਕਿਉਂਕਿ ਜਿਆਦਾਤਰ ਅਧਿਆਪਕਾਂ ਨੂੰ ਵੀ ਇੰਨ੍ਹਾਂ ਅੱਖਰਾਂ ਦੇ ਉਚਾਰਣ ਦਾ ਸਹੀ ਗਿਆਨ ਨਹੀ ਹੈ।ਕਿਉਂਕਿ ਜੋ ਉਨ੍ਹਾਂ ਨੇ ਸਿੱਖਿਆ ਹੈ ਉਹੀ ਸਿਖਾ ਰਹੇ ਹਨ।

-------- ਆਓ ਮੁਹਾਰਨੀ ਬਾਰੇ ਜਾਣਕਾਰੀ ਲਈਏ ਜੀ --------

# ਮੁਹਾਰਨੀ

ਪੰਜਾਬੀ ਵਰਣਮਾਲਾ ਦੇ ਪੈਂਤੀ ਅੱਖਰਾਂ ਵਿਚੋਂ ੳ, ਅ, ੲ ਇੰਨ੍ਹਾਂ ਨੂੰ ਕੁੱਝ ਚੋਣਵੀਆਂ ਮਾਤ੍ਰਾਂਵਾਂ ਹੀ ਲੱਗਦੀਆਂ ਹਨ।

ਜਿਵੇਂ :-

**ੳ** ਨੂੰ ( ੁ ) ਔਂਕੜ, ( ੂ ) ਦੁਲੈਂਕੜ, ( ੋ ) ਹੋੜਾ। ਇਹ ਮਾਤ੍ਰਾਂਵਾਂ ਲੱਗਦੀਆਂ ਹਨ।

**ਅ** ਨੂੰ ( ਮੁਕਤਾ ), ( ਾ ), ( ੈ ) ਦੁਲਾਂਵਾਂ, ( ੌ ) ਕਨੌੜਾ । ਇਹ ਮਾਤ੍ਰਾਂਵਾਂ ਲੱਗਦੀਆਂ ਹਨ।

**ੲ** ਨੂੰ ( ਿ ) ਸਿਹਾਰੀ, ( ੀ ) ਬਿਹਾਰੀ, ( ੇ ) ਲਾਂਵਾਂ । ਇਹ ਮਾਤ੍ਰਾਂਵਾਂ ਲੱਗਦੀਆਂ ਹਨ।

ਇਸੇ ਤਰ੍ਹਾ ਹੀ ਇਨ੍ਹਾਂ ਅੱਖਰਾਂ ਨੂੰ ਕੁੱਝ ਮਾਤ੍ਰਾਂਵਾਂ ਨਹੀ ਲੱਗਦੀਆਂ।

ਜਿਵੇਂ :-

**ੳ** ਨੂੰ ( ਮੁਕਤਾ ), ( ਾ ) ਕੰਨਾ, ( ੇ ) ਲਾਂਵਾਂ, ( ੈ ) ਦੋਲਾਂਵਾਂ, ( ਿ ) ਸਿਹਾਰੀ, ( ੀ ) ਬਿਹਾਰੀ, ( ੌ ) ਕਨੌਂੜਾ । ਇਹ ਮਾਤ੍ਰਾਂਵਾਂ ਨਹੀ ਲੱਗਦੀਆਂ ਹਨ।

**ਅ** ਨੂੰ ( ਿ ) ਸਿਹਾਰੀ, ( ੀ ) ਬਿਹਾਰੀ, ( ੇ ) ਲਾਂਵਾਂ, ( ੋ ) ਹੋੜਾ, ( ੁ ) ਔਂਕੜ ਅਤੇ ( ੂ ) ਦੁਲੈਂਕੜ । ਇਹ ਮਾਤ੍ਰਾਂਵਾਂ ਨਹੀ ਲੱਗਦੀਆਂ ਹਨ ।

**ੲ** ਨੂੰ ( ਮੁਕਤਾ ), ( ਾ ) ਕੰਨਾ, ( ੁ ) ਔਂਕੜ, ( ੂ ) ਦੁਲੈਂਕੜ, ( ੈ ) ਦੁਲਾਂਵਾਂ, ( ੋ ) ਹੋੜਾ, ( ੌ ) ਕਨੌੜਾ । ਇਹ ਮਾਤ੍ਰਾਂਵਾਂ ਨਹੀ ਲੱਗਦੀਆਂ ਹਨ।

ਗੁਰਮੁਖੀ ਲਿੱਪੀ ਦੇ ਬਾਕੀ ਦੇ 32 ਅੱਖਰ ਸ ਤੋਂ ਲੈ ਕੇ ੜ ਤੱਕ ਹਰੇਕ ਲਗ ਮਾਤ੍ਰਾਂ ਲੱਗਦੀ ਹੈ। ੳ, ਅ, ੲ ਨੂੰ ਕੁੱਝ ਚੋਣਵੀਆਂ ਮਾਤ੍ਰਾਂਵਾਂ ਲੱਗਣ ਕਰਕੇ ਇਹ ਇਕ ਹੀ ਸਤਰ ਬਣਦੀ ਹੈ। ਬਾਕੀ ਸ ਤੋਂ ਲੈ ਕੇ ੜ ਤੱਕ ਬੱਤੀ ( 32 ) ਸਤਰਾਂ ਹਨ। ਇਸੇ ਤਰ੍ਹਾ ਮੁਹਾਰਨੀ ਦੀਆਂ ਕੁੱਲ ਤੇਤੀ ( 33 ) ਸਤਰਾਂ ਬਣਦੀਆਂ ਹਨ।

ਮੁਹਾਰਨੀ ਨੂੰ ਜਿੰਨਾ ਜ਼ਿਆਦਾ ਬੋਲ ਬੋਲ ਕੇ ਪੜ੍ਹਿਆ ਜਾਵੇ, ੳਨੀ ਛੇਤੀ ਹੀ ਬੋਲਣ ਦੀ ਜਾਚ ਆਉਦੀ ਹੈ।ਭਾਵ ਸ਼ੁੱਧ ੳਚਾਰਣ ਆਉਦਾ ਹੈ।ਗੁਰਮਖੀ ਲਿੱਪੀ ( ਭਾਵ ਗੁਰਬਾਣੀ ) ਕਿਸੇ ਤਿਆਰ-ਬਰ-ਤਿਆਰ ਦ੍ਰਿੜ ਨਿਸਚੇ ਵਾਲੇ ਸਿੰਘ ਪਾਸੋ ਹੀ ਸਿੱਖਣੀ ਚਾਹੀਦੀ ਹੈ।

**ਗੁਰਮੁਖੀ ਅੱਖਰ ਜੋ ਹੈ ਭਾਈ॥**
**ਸਿੰਘ, ਸਿੰਘ ਤੇ ਸੀਖੇ ਜਾਈ॥**

( ਰਹਿਤਨਾਮਾ ਭਾਈ ਦੇਸਾ ਸਿੰਘ ਜੀ )

# ਮੁਹਾਰਨੀ

| | | | | | | | | | | | |
|---|---|---|---|---|---|---|---|---|---|---|---|
| ੳ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ |
| ਙ | ਙਾ | ਙਿ | ਙੀ | ਙੁ | ਙੂ | ਙੇ | ਙੈ | ਙੋ | ਙੌ | ਙੰ | ਙਾਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ |
| ਞ | ਞਾ | ਞਿ | ਞੀ | ਞੁ | ਞੂ | ਞੇ | ਞੈ | ਞੋ | ਞੌ | ਞੰ | ਞਾਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ |

| | | | | | | | | | | | |
|---|---|---|---|---|---|---|---|---|---|---|---|
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ |
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ |

ਨੋਟ:- ਗੁਰਬਾਣੀ ਦਾ ਸ਼ੁੱਧ ਉਚਾਰਣ ਹਰ ਇਕ ਲਈ ਬਹੁਤ ਜਰੂਰੀ ਹੈ।

**ਸਿਖਹੁ ਸੁਣਹੁ ਸੀਖ ਇਹ ਮੇਰੀ ਬਾਨੀ ਪੜਹਿ ਸੁਧ ਗੁਰ ਕੇਰੀ॥**
**ਪਵੈ ਮਹਾਤਮ ਲਹੇ ਬਿਲਾਸ ਹਲਤ ਪਲਤੁ ਮੇਂ ਹੋਇ ਨਿਹਾਲ॥**

# ਆਓ ਸ਼ਬਦਾ ਦਾ ਮਾਤ੍ਰਾਂਵਾਂ ਸਮੇਤ ਉਚਾਰਣ ਕਰਨਾ ਸਿੱਖੀਏ

## ਮੁਕਤੇ ਸ਼ਬਦ

**ਚਿੰਨ ਰਹਿਤ / ਮੁਕਤਾ :-** ਮੁਕਤੇ ਤੋਂ ਭਾਵ ਜਿਸ ਅੱਖਰ ਨੂੰ ਕੋਈ ਵੀ ਮਾਤ੍ਰਾ ਨਾ ਲੱਗੀ ਹੋਵੇ, ਉਸ ਨੂੰ ਮੁਕਤਾ ਆਖਦੇ ਹਨ ਜਾਂ ਮੁਕਤਾ ਭਾਵ ਹਰ ਮਾਤ੍ਰਾ ਤੋਂ ਮੁਕਤ ਅੱਖਰ। ਇਹ ਐੜਾ ਦੀ ਲਘੂ ਅਤੇ ਮੁਹਾਰਨੀ ਦੀ ਪਹਿਲੀ ਮਾਤ੍ਰਾ ਹੈ।ਇਹ ੳ ਅਤੇ ੲ ਨੂੰ ਨਹੀ ਲੱਗਦੀ ।

## ਸ਼ਬਦ ਜੋੜ

**ਦੋ ਅੱਖਰ :** ਜ+ਨ = ਜਨ , ਕ+ਰ = ਕਰ , ਤ+ਲ = ਤਲ , ਤ+ਮ = ਤਮ , ਜ+ਹ = ਜਹ ।

**ਤਿੰਨ ਅੱਖਰ :** ਅ+ਨ+ਦ = ਅਨਦ , ਅ+ਕ+ਲ = ਅਕਲ , ਭ+ਗ+ਤ = ਭਗਤ , ਧ+ਰ+ਮ = ਧਰਮ , ਕ+ਰ+ਮ = ਕਰਮ ।

**ਚਾਰ ਅੱਖਰ :** ਭ+ਗ+ਵ+ਤ = ਭਗਵਤ , ਅ+ਚ+ਰ+ਜ = ਅਚਰਜ ,
ਬ+ਰ+ਨ+ਤ = ਬਰਨਤ , ਅ+ਰ+ਜ+ਨ = ਅਰਜਨ ,
ਦ+ਰ+ਸ+ਨ = ਦਰਸਨ ।

## ਪੜੋ ਤੇ ਬੋਲੋ

ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥* ਕਾਰਨ ਕਰਨ ਰਹੀਮ ॥ * ਸਰਬ ਪ੍ਰਤਿਪਾਲ ਰਹੀਮ ॥
* ਅਲਹ ਅਲਖ ਅਪਾਰ ॥ * ਚਰਨ ਕਮਲ ਹਰਿ ਸਰਨ॥ * ਕੇਤਿਆ ਗਣਤ ਨਹੀ ਵੀਚਾਰ॥

* ਅਨਦ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ * ਛੂਟਤ ਨਹੀ ਕੋਟਿ ਲਖ ਬਾਹੀ॥ਨਾਮੁ ਜਪਤ ਤਹ ਪਾਰਿ ਪਰਾਹੀ॥

## ਕੰਨੇ ਵਾਲੇ ਸ਼ਬਦ

**ਕੰਨਾ - ਾ :** ਕੰਨਾ ਐੜਾ ਦੀ ਦੀਰਘ ਮਾਤ੍ਰਾ ਹੈ । ਇਹ ਮੁਹਾਰਨੀ ਦੀ ਦੂਜੀ ਮਾਤ੍ਰਾ ਹੈ। ਇਹ ੳ ਅਤੇ ੲ ਨੂੰ ਨਹੀ ਲੱਗਦੀ।

**ਦੋ ਅੱਖਰੇ :** ਵਾ+ਰ = ਵਾਰ , ਵਾ+ਸਾ = ਵਾਸਾ , ਜਾ+ਹਿ = ਜਾਹਿ , ਪਾ+ਪ = ਪਾਪ , ਗਾ+ਹ = ਗਾਹ ।

**ਤਿੰਨ ਅੱਖਰ :** ਨਾ+ਨ+ਕ = ਨਾਨਕ , ਸਾ+ਸ+ਤ = ਸਾਸਤ , ਆ+ਰ+ਜਾ = ਆਰਜਾ , ਕ+ਥ+ਨਾ = ਕਥਨਾ
ਪ+ਰਾ+ਈ = ਪਰਾਈ ।

**ਚਾਰ ਅੱਖਰ :** ਜ+ਵਾ+ਹ+ਰ = ਜਵਾਹਰ , ਦ+ਸ+ਤਾ+ਰ = ਦਸਤਾਰ ,
ਮ+ਹਾ+ਬ+ਲ = ਮਹਾਬਲ , ਟ+ਕ+ਸਾ+ਲ = ਟਕਸਾਲ ,
ਆ+ਰਾ+ਧ+ਣਾ = ਆਰਾਧਣਾ।

# ਪੜ੍ਹੋ ਤੇ ਬੋਲੋ

ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥ * ਵਾਰਿਆ ਨ ਜਾਵਾ ਏਕ ਵਾਰ॥* ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥* ਵਿਸਮਾਦ ਨਾਦ ਵਿਸਮਾਸ ਵੇਦੁ ॥* ਥਾਪਿਆ ਨ ਜਾਇ ਕੀਤਾ ਨ ਹੋਇ॥ * ਭਗਤਾ ਕੀ ਚਾਲ ਨਿਰਾਲੀ ॥ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ

ਚਲਣਾ॥ * ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥ * ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥

# ਸਿਹਾਰੀ ਵਾਲੇ ਸ਼ਬਦ

**ਸਿਹਾਰੀ - ਿ :-** ਸਿਹਾਰੀ ਈੜੀ ਦੀ ਲਘੂ ਮਾਤ੍ਰਾ ਹੈ। ਇਹ ਮੁਹਾਰਨੀ ਦੀ ਤੀਜੀ ਮਾਤ੍ਰਾ ਹੈ। ਇਹ ੳ ਅਤੇ ਅ ਨੂੰ ਨਹੀ ਲੱਗਦੀ ।

# ਸ਼ਬਦ ਜੋੜ

**ਦੋ ਅੱਖਰ :** ਲਿ+ਖ = ਲਿਖ , ਪਾ+ਹਿ = ਪਾਹਿ , ਸਿ+ਖ = ਸਿਖ , ਸਿ+ਧ = ਸਿਧ , ਪਿ+ਰ = ਪਿਰ।

**ਤਿੰਨ ਅੱਖਰ :** ਕ+ਰ+ਹਿ = ਕਰਹਿ , ਕਿ+ਰ+ਮ = ਕਿਰਮ , ਗਿ+ਆ+ਨ = ਗਿਆਨ , ਫਿ+ਰ+ਹਿ = ਫਿਰਹਿ ਰ+ਹਿ+ਆ = ਰਹਿਆ ।

**ਚਾਰ ਅੱਖਰ :** ਸਿ+ਮ+ਰ+ਨ = ਸਿਮਰਨ , ਨਿ+ਰ+ਭ+ਉ = ਨਿਰਭਉ , ਨਿ+ਰ+ਮ+ਲ = ਨਿਰਮਲ , ਨਿ+ਹ+ਚ+ਲ = ਨਿਹਚਲ , ਨਿ+ਰੰ+ਜ=ਨ = ਨਿਰੰਜਨ ।

# ਪੜੋ ਤੇ ਬੋਲੋ

ਨਾ ਓਹਿ ਮਰਹਿ ਨ ਠਾਗੇ ਜਾਹਿ॥* ਸਿਰਨ ਸਦਾ ਕਰ॥ * ਨਿਰੰਕਾਰ ਨ੍ਰਿਬਿਕਾਰ ਨ੍ਰਿਲੰਬ॥* ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥ * ਛਿਅ ਘਰ ਛਿਅ ਗੁਰ ਛਿਅ ਉਪਦੇਸ॥ * ਬਿਰਥਾ ਭਰਵਾਸਾ ਲੋਕ॥ * ਉਦਮੁ ਕਰਹੁ ਵਡਭਾਗੀਹੋ ਹਰਿ ਹਰਿ ਰਾਇ॥ਨਾਨਕ ਜਿਸ ਸਿਮਰਨ ਸਭ ਸੁਖ ਹੋਵਹਿ ਦੂਖ ਦਰਦੁ ਭ੍ਰਮੁ ਜਾਇ॥ * ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਦੇਸੁ ਚਲਾਏ॥

# ਬਿਹਾਰੀ ਵਾਲੇ ਸ਼ਬਦ

**ਬਿਹਾਰੀ – ੀ :** ਬਿਹਾਰੀ ਈੜੀ ਦੀ ਦੀਰਘ ਮਾਤ੍ਰਾ ਹੈ । ਇਹ ਮੁਹਾਰਨੀ ਦੀ ਚੌਥੀ ਮਾਤ੍ਰਾ ਹੈ। ਇਹ ੳ ਅਤੇ ਅ ਨੂੰ ਨਹੀ ਲੱਗਦੀ ।

## ਸ਼ਬਦ ਜੋੜ

**ਦੋ ਅੱਖਰੇ :** ਵੀ+ਰ = ਵੀਰ , ਸ+ਤੀ = ਸਤੀ , ਜੀ+ਅ = ਜੀਅ,
ਪੀ+ਰ = ਪੀਰ , ਕੀ+ਤਾ = ਕੀਤਾ ।

**ਤਿੰਨ ਅੱਖਰ :** ਵੀ+ਚਾ+ਰ = ਵੀਚਾਰ , ਕੀ+ਰ+ਤ = ਕੀਰਤ ,
ਹੋ+ਵ+ਈ = ਹੋਵਈ , ਪ+ਲੀ+ਤੀ = ਪਲੀਤੀ ,
ਰ+ਹੀ+ਮ = ਰਹੀਮ।

**ਚਾਰ ਅੱਖਰ :** ਗੁ+ਰ+ਬ+ਣੀ = ਗੁਰਬਾਣੀ , ਬ+ਖ+ਸੀ+ਸ = ਬਖਸੀਸ ,
ਬਾ+ਦ+ਸਾ+ਹੀ = ਬਾਦਸਾਹੀ , ਜ+ਗ+ਦੀ+ਸ = ਜਗਦੀਸ
, ਕਿ+ਰ+ਸਾ+ਣੀ = ਕਿਰਸਾਣੀ ।

## ਪੜੋ ਤੇ ਬੋਲੋ

ਗਾਵੀਐ ਸੁਣੀਐ ਮਨਿ ਰਖੀਐ ਭਾਉ॥* ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥ *ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥ * ਕਬੀਰ ਮੇਰੀ ਸਿਮਰਨੀ ਰਸਨਾ ਊਪਰ ਰਾਮੁ॥* ਏਕ ਤੂਹੀ ਏਕ ਤੁਹੀ॥* ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥* ਅੰਮ੍ਰਿਤ ਬਾਣੀ ਗੁਰ ਕੀ

ਮੀਠੀ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥ * ਬਿਪਤਿ ਤਹਾ ਜਹਾ ਹਰਿ ਸਿਮਰਨ ਨਾਹੀ॥ ਕੋਟਿ ਅਨੰਦ ਜਹ ਹਰਿ ਗੁਨ ਗਾਹੀ॥

## ਔਂਕੜ ਵਾਲੇ ਸ਼ਬਦ

**ਔਂਕੜ - ੁ :** ਔਂਕੜ ਉੂੜੇ ਦੀ ਲਘੂ ਮਾਤ੍ਰਾ ਹੈ। ਇਹ ਮੁਹਾਰਨੀ ਦੀ ਪੰਜਵੀਂ ਮਾਤ੍ਰਾ ਹੈ। ਇਹ ਅ ਅਤੇ ਏ ਨੂੰ ਨਹੀ ਲੱਗਦੀ ।

**ਦੋ ਅੱਖਰ :** ਗੁ+ਰ = ਗੁਰ , ਜੁ+ਗ = ਜੁਗ , ਤੁ+ਧੁ = ਤੁਧੁ ,
ਗੁ+ਣ = ਗੁਣ , ਮੁ+ਖ = ਮੁਖ ।

**ਦੋ ਅੱਖਰ :** ਗੁ+ਰ = ਗੁਰ , ਜੁ+ਗ = ਜੁਗ , ਤੁ+ਧੁ = ਤੁਧੁ ,
ਗੁ+ਣ = ਗੁਣ , ਮੁ+ਖ = ਮੁਖ ।

**ਤਿੰਨ ਅੱਖਰ:** ਅ+ਮੁ+ਲ = ਅਮੁਲ , ਮੁ+ਕ+ਰੁ = ਮੁਕਰੁ ,
ਹੁ+ਕ+ਮੀ = ਹੁਕਮੀ , ਪੁ+ਰ+ਖ = ਪੁਰਖ ,
ਸੁ+ਰ+ਤ = ਸੁਰਤ ।

**ਚਾਰ ਅੱਖਰ :** ਗੁ+ਰ+ਮ+ੁਖ = ਗੁਰਮੁਖ , ਕੁ+ਦ+ਰ+ਤ = ਕੁਦਰਤ ,
ਮੁ+ਖ+ਵਾ+ਕ = ਮੁਖਵਾਕ , ਸੁ+ਨਿ+ਆ+ਰ = ਸੁਨਿਆਰ
, ਅ+ਸਿ+ਧੁ+ਜ = ਅਸਿਧੁਜ ।

## ਪੜ੍ਹੋ ਤੇ ਬੋਲੋ

ਅਮੁਲ ਗੁਣ ਅਮੁਲ ਵਾਪਾਰ॥ * ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥ * ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ *

ਦੁਖ ਪਰਹਰਿ ਸੁਖੁ ਘਰਿ ਲੈ ਜਾਇ॥* ਗੁਨ ਗਨ ਉਦਾਰ॥ ਏਕ ਤੁਈ ਏਕ ਤੁਈ ॥* ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ॥ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ॥ * ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ ਸੁਭਾਇ॥

## ਦੁਲੈਂਕੜ ਵਾਲੇ ਸ਼ਬਦ

**ਦੁਲੈਂਕੜ – ੂ :** ਦੁਲੈਂਕੜ ਊੜੇ ਦੀ ਦੀਰਘ ਮਾਤ੍ਰਾ ਹੈ। ਇਹ ਮੁਰਾਰਨੀ ਦੀ ਛੇਵੀਂ ਮਾਤ੍ਰਾਂ ਹੈ। ਇਹ **ਅ** ਅਤੇ **ੲ** ਨੂੰ ਨਹੀ ਲੱਗਦੀ ਹੈ।

## ਸ਼ਬਦ ਜੋੜ

**ਦੋ–ਅੱਖਰ :** ਮੂ+ਲ = ਮੂਲ , ਦੂ+ਖ = ਦੂਖ , ਕੂ+ੜੇ = ਕੂੜੇ ,
ਊ+ਚਾ = ਊਚਾ , ਭੂ+ਖ = ਭੂਖ ।

**ਤਿੰਨ ਅੱਖਰ :** ਮੂ+ਰ+ਖ = ਮੂਰਖ , ਬਿ+ਭੂ+ਤ = ਬਿਭੂਤ ,
ਇ+ਕ+ਦੂ = ਇਕਦੂ , ਹ+ਦੂ+ਰਿ = ਹਦੂਰਿ ,
ਗੂ+ਜ+ਰੀ = ਗੂਜਰੀ ।

**ਚਾਰ ਅੱਖਰ :** ਵਿ+ਹ+ੂਣੀ+ਆ = ਵਿਹੂਣੀਆ ,
ਕੂ+ੜਾ+ਵਿ+ਆ = ਕੂੜਾਵਿਆ ,
ਆ+ਭੂ+ਖ+ਨ = ਆਭੂਖਨ ,
ਕ+ਰਤੂ+ਤਿ = ਕਰਤੂਤਿ ,
ਵਾ+ਹਿ+ਗੁ+ਰੂ = ਵਾਹਿਗੁਰੂ ।

## ਪੜ੍ਹੋ ਤੇ ਬੋਲੋ

ਕਬਹੂ ਊਚ ਨੀਚ ਮਹਿ ਬਸੈ॥* ਅਵਰ ਕਰਤੂਤਿ ਸਗਲੀ ਜਮੁ ਡਾਨੈ॥* ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥* ਤੂ ਕਰਤਾ ਤੂ ਕਰਨਹਾਰ॥* ਏਕ ਤੂਹੀ ਤੂਹੀ ਤੂਹੀ॥* ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥* ਹੈ ਤੂਹੈ ਤੂ ਹੋਵਣਹਾਰ॥* ਵਡਾ ਸਾਹਿਬੁ ਊਚਾ ਥਾਉ॥ਊਚੇ ਉਪਰਿ ਊਚਾ ਨਾਉ॥ਏਵਡੁ ਊਚਾ ਹੋਵੈ ਕੋਇ॥ਤਿਸੁ ਊਚੇ ਕਉ ਜਾਣੈ ਸੋਇ॥

## ਲਾਂਵਾਂ ਵਾਲੇ ਸ਼ਬਦ

**ਲਾਂਵਾਂ – ੇ :** ਲਾਂਵਾਂ ਈੜੀ ਦੀ ਦੀਰਘ ਮਾਤ੍ਰਾ ਹੈ। ਇਹ ਮੁਰਾਰਨੀ ਦੀ ਸੱਤਵੀਂ ਮਾਤ੍ਰਾਂ ਹੈ। ਇਹ ੳ ਅਤੇ ਅ ਨੂੰ ਨਹੀ ਲੱਗਦੀ ਹੈ।

## ਸ਼ਬਦ ਜੋੜ

**ਦੋ–ਅੱਖਰ :** ਖੇ+ਹ = ਖੇਹ , ਤੇ+ਹਾ = ਤੇਹਾ , ਸੇ+ਖ = ਸੇਖ ,
ਏ+ਕ = ਏਕ , ਕੇ+ਤੇ = ਕੇਤੇ ।

**ਤਿੰਨ ਅੱਖਰ :** ਸੇ+ਵ+ਕ = ਸੇਵਕ , ਕ+ਤੇ+ਬਾ = ਕਤੇਬਾ ,
ਜੇ+ਵ+ਡੁ = ਜੇਵਡੁ , ਅ+ਨੇ+ਕ = ਅਨੇਕ ,
ਅ+ਦੇ+ਸ = ਆਦੇਸ ।

**ਚਾਰ ਅੱਖਰ :** ਨਿ+ਤ+ਨੇ+ਮ = ਨਿਤਨੇਮ , ਦੇ+ਖੀ+ਅ+ਤ = ਦੇਖੀਅਤ ,
ਉ+ਪ+ਦੇ+ਸ = ਉਪਦੇਸ , ਵ+ਸਾ+ਵ+ਏ = ਵਸਾਵਏ ,
ਨਾ+ਮ+ਦੇ+ਉ = ਨਾਮਦੇਉ ।

## ਪੜ੍ਹੋ ਤੇ ਬੋਲੋ

ਜੇਤਾ ਕੀਤਾ ਤੇਤਾ ਨਾਉ॥* ਹੇ ਗੋਬਿਦ ਹੇ ਗੋਪਾਲ ਹੇ ਦਇਆਲ ਲਾਲ॥* ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥* ਨਮੋ ਦੇਵ ਦੇਵੇ॥ਅਭੇਖੀ ਅਭੇਵੇ॥* ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥ਕਿਨੀ ਤੇਰਾ ਅੰਤ ਨ ਪਾਇਆ॥* ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥ਦੇਵੀ ਦੇਵ ਉਪਾਏ ਵੇਸਾ॥* ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥* ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥

## ਦੁਲਾਂਵਾਂ ਵਾਲੇ ਸ਼ਬਦ

**ਦੁਲਾਂਵਾਂ – ੈ :** ਦੁਲਾਂਵਾਂ ਐੜਾ ਦੀ ਦੀਰਘ ਮਾਤ੍ਰਾ ਹੈ। ਇਹ ਮੁਰਾਰਨੀ ਦੀ ਅੱਠਵੀਂ ਮਾਤ੍ਰਾਂ ਹੈ। ਇਹ ੳ ਅਤੇ ੲ ਨੂੰ ਨਹੀ ਲੱਗਦੀ ਹੈ।

## ਸ਼ਬਦ ਜੋੜ

**ਦੋ–ਅੱਖਰ :** ਵੇ+ਖੈ = ਵੇਖੈ , ਸੋ+ਚੈ = ਸੋਚੈ , ਚੁ+ਪੈ = ਚੁਪੈ ,
ਗਾ+ਵੈ = ਗਾਵੈ , ਲੈ+ਦੇ = ਲੈਦੇ ।

**ਤਿੰਨ ਅੱਖਰ :** ਹੁ+ਕ+ਮੈ = ਹੁਕਮੈ , ਹ+ਉ+ਮੈ = ਹਉਮੈ , ਤਿ+ਆ+ਗੈ = ਤਿਆਗੈ , ਉ+ਪ+ਜੈ = ਉਪਜੈ , ਬਿ+ਨ+ਸੈ = ਬਿਨਸੈ ।

**ਚਾਰ ਅੱਖਰ :** ਨਿ+ਰ+ਵੈ+ਰ = ਨਿਰਵੈਰ , ਸੁ+ਹਾ+ਵ+ਣੈ = ਸੁਹਾਵਣੈ ,
ਵੀ+ਚਾ+ਰੀ+ਐ = ਵੀਚਾਰੀਐ , ਦਿ+ਖਾ+ਈ+ਐ = ਦਿਖਾਈਐ ,

ਸ+ਲਾ+ਹੀਂ+ਐ = ਸਲਾਹੀਂਐ ।

## ਪੜ੍ਹੋ ਤੇ ਬੋਲੋ

ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭੁਹਿ॥* ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥ * ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ॥* ਹੈ ਤੂਹੈ ਤੂ ਹੋਵਨਹਾਰ॥* ਫਿਕਾ ਮੂਰਖ ਆਖੀਐ ਪਾਣਾ ਲਹੈ ਸਜਾਇ॥* ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ॥* ਅਜੈ॥ਅਲੈ॥ਅਭੈ॥ਅਬੈ ॥* ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥* ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥* ਗੁਰੂ ਦੁਆਰੈ ਹੋਇ ਸੋਝੀ ਪਾਇਸੀ॥

## ਹੋੜਾ ਵਾਲੇ ਸ਼ਬਦ

**ਹੋੜਾ – ੋ :** ਹੋੜਾ ਊੜੇ ਦੀ ਦੀਰਘ ਮਾਤ੍ਰਾ ਹੈ।ਇਹ ਮੁਰਾਰਨੀ ਦੀ ਨੌਵੀਂ ਮਾਤ੍ਰਾਂ ਹੈ। ਇਹ ਅ ਅਤੇ ੲ ਨੂੰ ਨਹੀ ਲੱਗਦੀ ਹੈ।

## ਸ਼ਬਦ ਜੋੜ

**ਦੋ-ਅੱਖਰ :** ਓ+ਹਿ = ਓਹਿ , ਪੋ+ਹਿ = ਪੋਹਿ , ਜੋ+ਗੀ = ਜੋਗੀ ,
ਏ+ਕੋ = ਏਕੋ , ਬੋ+ਲੀ = ਬੋਲੀ ।

**ਤਿੰਨ ਅੱਖਰ :** ਗੋ+ਸਾ+ਈ = ਗੋਸਾਈ , ਭੋ+ਗਿ+ਹੁ = ਭੋਗਿਹੁ ,
ਭਾ+ਈ+ਹੋ = ਭਾਈਹੋ , ਓ+ੜ+ਕ = ਓੜਕ ,
ਹੋ+ਵ+ਈ = ਹੋਵਈ ।

**ਚਾਰ ਅੱਖਰ :** ਦੋ+ਹਾ+ਗ+ਨੀ = ਦੋਹਾਗਨੀ , ਸੋ+ਹਾ+ਗ+ਣੀ = ਸੋਹਾਗਣੀ , ਬੋ+ਲਾ+ਇ+ਆ = ਬੋਲਾਇਆ , ਡ+ਰਾ+ਵ+ਣੋ = ਡਰਾਵਣੋ , ਜੋ+ਆ+ਇ+ਆ = ਜੋਆਇਆ ।

# ਪੜ੍ਹੋ ਤੇ ਬੋਲੋ

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥* ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ * ਤੂ ਓਨਾ ਕਾ ਤੇਰੇ ਓਹਿ॥* ਦੋਹਾਗਨੀ ਕਿਆ ਨੀਸਾਣੀਆ॥ਸੋਹਾਗਣੀ ਕਿਆ ਕਰਮੁ ਕਮਾਇਆ॥* ਤੁਸੀ ਭੋਗਿਹੁ ਭੁੰਚਹੁ ਭਾਈਹੋ॥* ਬੋਲਾਇਆ ਬੋਲੀ ਖਸਮ ਦਾ॥* ਮੈ ਸਤ ਕਾ ਹਲੁ ਜੋਆਇਆ॥* ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥* ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥* ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥

# ਕਨੌੜਾ ਵਾਲੀ ਮਾਤ੍ਰਾ

**ਕਨੌੜਾ - ੌ :** ਇਹ ਮਾਤ੍ਰਾ ਐੜਾ ਦੀ ਦੀਰਘ ਮਾਤ੍ਰਾ ਹੈ। ਇਹ ਮੁਹਾਰਨੀ ਦੀ ਦੀਰਘ ਮਾਤ੍ਰਾ ਹੈ। ਇਹ ੳ ਅਤੇ ੲ ਨੂੰ ਨਹੀ ਲੱਗਦੀ ਹੈ।

**ਦੋ- ਅੱਖਰ :** ਧੌ+ਲ = ਧੌਲ , ਤੀ+ਨੌ = ਤੀਨੌ , ਮਾ+ਧੌ = ਮਾਧੌ ,
ਡੂ+ਬੌ = ਡੂਬੌ , ਬਾ+ਧੌ = ਬਾਧੌ ।

**ਤਿੰਨ-ਅੱਖਰ :** ਭ੍ਰ+ਮ+ਤੌ = ਭ੍ਰਮਤੌ , ਜ+ਲ+ਤੌ = ਜਲਤੌ ,
ਭ+ਗੌ+ਤੀ = ਭਗੌਤੀ , ਸਿ+ਮ+ਰੌ = ਸਿਮਰੌ ,
ਸ+ਨੌ=ਡ = ਸਨੌਡ ।

**ਚਾਰ ਅੱਖਰ :** ਕ+ਹ+ਤ+ਹੌ = ਕਹਤਹੌ , ਨਿ+ਰ+ਮ+ਲੌ = ਨਿਰਮਲੌ ,
ਨਿ+ਰ+ਮ+ਯੌ = ਨਿਰਮਯੌ, ਚ+ਮ+ਕੌ+ਰ = ਚਮਕੌਰ ,

ਕ+ਹੀ+ਅ+ਤ+ਹੋ = ਕਹੀਅਤਹੋ ।

## ਪੜ੍ਹੋ ਤੇ ਬੋਲੋ

**ਧੌਲੁ** ਧਰਮੁ ਦਇਆ ਕਾ ਪੂਤੁ॥* ਨਗਨ ਫਿਰਤ **ਜੌ** ਪਾਈਐ ਜੋਗੁ॥* ਰੋਗ ਨ ਬਿਆਪੈ ਤੀਨੌ ਤਾਪ॥* **ਅਰਜਨ** ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥* ਮਾਧੌ ਤੂ ਠਾਕੁਰੁ ਸਿਰਿ ਮੋਰਾ॥* ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ॥* ਜਿਹ ਕੁਲ ਸਾਧੁ ਬੈਸਨੌ ਹੋਇ॥* ਪਾਪ ਕਰੰਤੌ ਨਹ ਸੰਗਾਇ॥ * ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥* **ਅੰਧੌ ਬੋਲੌ** ਮੁਗਧੁ ਗਵਾਰੁ॥* ਕਾਹੇ ਭਈਆ ਫਿਰਤੌ ਫੂਲਿਆ ਫੂਲਿਆ॥

# ਟਿੱਪੀ ਵਾਲੇ ਸ਼ਬਦ

**ਟਿੱਪੀ – ੰ :** ਟਿੱਪੀ ਐੜਾ ਦੀ ਦੀਰਘ ਮਾਤ੍ਰਾ ਹੈ।ਇਹ ਮੁਹਾਰਨੀ ਦੀ ਗਿਆਰਵੀਂ ਮਾਤ੍ਰਾਂ ਹੈ। ਇਹ ੳ ਨੂੰ ਨਹੀ ਲੱਗਦੀ ਹੈ।ਇਹ ੲ ਨੂੰ ਵੀ ਸਿੱਧੇ ਤੋਰ ਤੇ ਨਹੀ ਲੱਗਦੀ ਪਰ ਈੜੀ ਨੂੰ ਸਿਹਾਰੀ ਦੇ ਨਾਲ ਇਸਦੀ ਵਰਤੋਂ ਕੁੱਝ ਅੱਖਰਾਂ ਦੇ ਨਾਲ ਲਾਜਵੀ ਹੁੰਦੀ ਹੈ।

## ਸ਼ਬਦ ਜੋੜ

**ਦੋ –ਅੱਖਰ :** ਅੰ+ਤ = ਅੰਤ , ਪੰ+ਚ = ਪੰਚ , ਰੰ+ਗ = ਰੰਗ ,
ਕੁੰ+ਜੀ = ਕੁੰਜੀ , ਇੰ+ਦ੍ਰ = ਇੰਦ੍ਰ ।

**ਤਿੰਨ – ਅੱਖਰ :** ਮੰ+ਡ+ਲ = ਮੰਡਲ , ਗੰ+ਧ+ਨ = ਗੰਧਨ ,

ਪੰ+ਡਿ+ਤ = ਪੰਡਿਤ , ਅੰ+ਦ+ਰਿ = ਅੰਦਰਿ ,

ਅੰ+ਮ੍ਰਿ+ਤ = ਅੰਮ੍ਰਿਤ ।

**ਚਾਰ – ਅੱਖਰ :** ਸ+ਨ+ਬੰ+ਧ = ਸਨਬੰਧ , ਡੰ+ਡ+ਉ+ਤ = ਡੰਡਉਤ ,
ਸਾ+ਧ+ਸੰ+ਗਿ = ਸਾਧਸੰਗਿ , ਨ+ਮ+ਸ+ਤੰ = ਨਮਸਤੰ ,
ਅੰ+ਦ+ਰ+ਹੁ = ਅੰਦਰਹੁ ।

## ਪੜ੍ਹੋ ਤੇ ਬੋਲੋ

**ਨਮਸਤੰ** ਅਜੀਤੇ॥ **ਨਮਸਤੰ** ਅਭੀਤੇ॥**ਨਮਸਤੰ** ਅਬਾਹੇ॥**ਨਮਸਤੰ** ਅਢਾਹੇ॥* **ਮੰਨੈ** ਧਰਮ ਸੇਤੀ **ਸਨਬੰਧ**॥* ਜਿਸ **ਅੰਦਰ ਰੰਗ** ਸੋਈ ਗੁਣ ਗਾਵੈ॥* **ਇੰਦ੍ਰ** ਤਪੇ ਮੁਨਿ ਤੇਰੀ ਸੇਵਾ॥* ਸੇਜੜੀਆ **ਸੋਇੰਨ** ਹੀਰੇ ਲਾਲ **ਜਵੰਦੀਆ**॥* ਭੈ ਵਿਚਿ **ਇੰਦੁ** ਫਿਰੈ ਸਿਰ ਭਾਰਿ॥* ਤਗੁ ਨ **ਇੰਦ੍ਰੀ** ਤਗੁ ਨ ਨਾਰੀ॥* ਕੋਟਿ **ਇੰਦ੍ਰ ਉਪਇੰਦ੍ਰ** ਬਨਾਏ॥* **ਅਸੰਖ** ਮੂਰਖ **ਅੰਧ** ਘੋਰ॥ * **ਗੰਧਣ** ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ॥* **ਅੰਧੈ ਤੂੰ** ਬੈਠਾ **ਕੰਧੀ** ਪਾਹਿ॥* ਕਰਿ **ਡੰਡਉਤ** ਪੁਨੁ ਵਡਾ ਹੇ॥

**ਵਿਸ਼ੇਸ਼ ਜਾਣਕਾਰੀ :-** ਟਿੱਪੀ ਦੀ ਮਾਤ੍ਰਾ ਮੁਕਤੇ , ਸਿਹਾਰੀ , ਔਂਕੜ ਅਤੇ ਦੁਲੈਂਕੜ ਨਾਲ ਵੀ ਲੱਗਦੀ ਹੈ।
ਟਿੱਪੀ ਦੀ ਮਾਤ੍ਰਾ ਵਿਚੋਂ ਕੁੱਝ ਅੱਖਰ ਉਚਾਰਣ ਲੱਗੇ ਅੱਧੇ ਨੰਨੇ ਅਤੇ ਅੱਧੇ ਮੰਮੇ ਦੀ ਧੁਨੀ ਨਿਕਲਦੀ ਹੈ।

### (1) ਅੱਧੇ ਨੰਨੇ ਦੀ ਆਵਾਜ਼ ਵਾਲੇ ਸ਼ਬਦ :

**ਦੋ ਅੱਖਰ :** ਸੰ+ਤ = ਸੰਤ , ਮੰ+ਤ੍ਰ = ਮੰਤ੍ਰ , ਜਿੰ+ਦ = ਜਿੰਦ , ਕੰ+ਤ =
ਕੰਤ , ਖੰ+ਡਾ = ਖੰਡਾ , ਇੰ+ਦ = ਇੰਦ ।

**ਤਿੰਨ ਅੱਖਰ :** ਸੰ+ਦ+ਰ = ਸੰਦਰ , ਸੰ+ਸਾ+ਰ = ਸੰਸਾਰ , ਮੰ+ਦ+ਰ =
ਮੰਦਰ , ਭੰ+ਡਾ+ਰ = ਭੰਡਾਰ , ਖੰ+ਡ+ਨਾ = ਖੰਡਨਾ ।

ਚਾਰ ਅੱਖਰ : ਪ+ਰ+ਚੰ+ਡ = ਪਰਚੰਡ , ਨਿ+ਰੰ=ਕਾ+ਰ = ਨਿਰੰਕਾਰ ,
ਬ੍+ਹ+ਮੰ+ਡਾ = ਬ੍ਰਹਮੰਡਾ , ਡੰ+ਡ+ਉ+ਤ = ਡੰਡਉਤ ,
ਸੰ+ਸ+ਕਾ+ਰ = ਸੰਸਕਾਰ ।

## (2) ਅੱਧੇ ਮੰਮੇ ਦੀ ਆਵਾਜ਼ ਵਾਲੇ ਸ਼ਬਦ :

ਦੋ ਅੱਖਰ : ਦੰ+ਭ = ਦੰਭ , ਖੰ+ਭ = ਖੰਭ , ਚੰ+ਬਾ = ਚੰਬਾ ,
ਅੰ+ਬ = ਅੰਬ ,

ਤਿੰਨ ਅੱਖਰ : ਗੰ+ਭੀ+ਰੁ = ਗੰਭੀਰੁ , ਕੰ+ਬ+ਲ = ਕੰਬਲ ,
ਅੰ+ਬ+ਰ = ਅੰਬਾਰ , ਸੰ+ਪ+ਤੀ = ਸੰਪਤੀ ,
ਅੰ+ਬਾ+ਲਾ = ਅੰਬਾਲਾ ।

ਚਾਰ ਅੱਖਰ : ਸੰ+ਪਾ+ਦ+ਕ = ਸੰਪਾਦਕ , ਸੰ+ਪੂ+ਰ+ਨ = ਸੰਪੂਰਨ ,
ਅੰ+ਬਾ+ਲਿ+ਕਾ = ਅੰਬਾਲਿਕਾ , ਜੰ+ਬੁ+ਦੀ+ਪ = ਜੰਬੁਦੀਪ ।

ਹੋਰ ਜਾਣਕਾਰੀ : ਆਧੁਨਿਕ ਪੰਜਾਬੀ ਵਿਚ ਟਿੱਪੀ ਦੀ ਮਾਤ੍ਰਾ ਕਦੇ ਵੀ ਸਿਹਾਰੀ ਤੋਂ ਪਹਿਲਾਂ ਅਤੇ ਬਿਹਾਰੀ ਤੋਂ ਬਾਅਦ ਨਹੀ ਆਉਦੀ ਹੈ।
ਗੁਰਬਾਣੀ ਵਿਚ ਟਿੱਪੀ ਦੀ ਮਾਤ੍ਰਾਂ ਸਿਹਾਰੀ ਤੋਂ ਬਾਅਦ ਵੀ ਲੱਗੀ ਦਿਖਾਈ ਦਿੰਦੀ ਹੈ, ਪਰ ਬਿਹਾਰੀ ਤੋਂ ਪਹਿਲਾਂ ਵੀ ਲੱਗੀ ਮਿਲੇਗੀ ਜੋ ਪਿਛੋਂ ਬਿੰਦੀ ਦੀ ਅਵਾਜ਼ ਦਿੰਦੀ ਹੈ।
ਜਿਵੇਂ ਕਿ :-

ਦਾਸੰਿ ਹਰਿ ਕਾ ਨਾਮੁ ਧਿਆਇਆ॥ ( ਅੰਗ 684 )
ਰਾਗੁ ਗਉੜੀ ਥਿਤੰਿ ਕਬੀਰ ਜੀ ਕੰਿ॥ ( ਅੰਗ 343 )
ਪੰਦ੍ਰਹ ਥਿਤੰਿ ਸਾਤ ਵਾਰ॥

**ਕੁੱਝ ਜਰੂਰੀ ਜਾਣਕਾਰੀ :** ਆਧੁਨਿਕ ਪੰਜਾਬੀ ਵਿਚ ਕੋਈ ਵੀ ਅਜਿਹਾ ਸ਼ਬਦ ਨਹੀ ਹੈ ਜਿਸ ਦੇ ਅਖ਼ੀਰਲੇ ਅੱਖਰ ਨੂੰ ਟਿੱਪੀ ਦੀ ਮਾਤ੍ਰਾਂ ਲੱਗਦੀ ਹੋਵੇ ਪਰ ਗੁਰਬਾਣੀ ਵਿਚ ਅਤੇ ਗੁਰਮਤਿ ਸਾਹਿਤ ਵਿਚ ਅਜਿਹੇ ਸ਼ਬਦ ਦਰਜ ਹਨ : ਜਿਵੇਂ ਕਿ :-

(1) ਪੜਿ ਪੁਸ੍ਤਕ ਸੰਧਿਆ **ਬਾਦੰ**॥ ਸਿਲ ਪੂਜਸਿ ਬਗੁਲ **ਸਮਾਧੰ**॥
ਮੁਖਿ ਝੂਠੁ ਬਿਭੂਖਨ **ਸਾਰੰ**॥ ਤ੍ਰੈਪਾਲ ਤਿਹਾਲ **ਬਿਚਾਰੰ**॥ ( ਅੰਗ 1353 )

(2) ਉਦਿਆਨ **ਬਸਨੰ ਸੰਸਾਰੰ**; ਸਨਬੰਦੀ ਸ੍ਵਾਨ ਸਿਆਲ ਖਰਹ॥
( ਅੰਗ 1359 )

(3) ਖਗ **ਖੰਡ ਬਿਹੰਡੰ** ਖਲ ਦਲ **ਖੰਡੰ** ਅਤਿ ਰਣ **ਮੰਡੰ** ਬਰ **ਬੰਡੰ**॥

(4) ਨ **ਰੂਪੰ** ਨ **ਰੇਖੰ** ਨ **ਰੰਗੰ** ਨ **ਰਾਗੰ**॥ ਨ **ਨਾਮੰ** ਨ **ਠਾਮੰ** ਸਹਾ ਜੋਤਿ **ਜਾਗੰ**॥ ( ਦਸਮ ਬਾਣੀ )

(5) **ਸਰਬੰ** ਹੰਤਾ॥ **ਸਰਬੰ** ਗੰਤਾ॥ **ਸਰਬੰ** ਖਿਆਤਾ॥ **ਸਰਬੰ** ਗਿਆਤਾ॥
( ਦਸਮ ਬਾਣੀ )

(6) ਗੁਰ ਤੇਗ ਬਹਾਦਰ ਸ੍ਵਾਂਗ **ਰਚਾਯੰ**। ਜਿਹ ਆਪਨ ਸੀਸ ਦੇ ਜਗ **ਠਹਰਾਯੰ**।

( ਭਾਈ ਗੁਰਦਾਸ ਜੀ, ਵਾਰ 41 ਪਉੜੀ 23)

## ਕੰਨਾ-ਬਿੰਦੀ ਵਾਲੇ ਸ਼ਬਦ

**ਕੰਨਾ-ਬਿੰਦੀ-** ਾਂ : ਇਹ ਐੜਾ ਦੀ ਦੀਰਘ ਮਾਤ੍ਰਾ ਹੈ। ਇਹ ਮੁਹਾਰਨੀ ਦੀ ਬਾਰਵੀਂ ਮਾਤ੍ਰਾ ਹੈ।

**ਵਿਸ਼ੇਸ਼ ਜਾਣਕਾਰੀ** : (1) ਬਿੰਦੀ ਕਿਸੇ ਵੀ ਅੱਖਰ ਨੂੰ ਇਕੱਲੀ ਨਹੀ ਲਗਦੀ ਹੈ, ਇਹ ਹਮੇਸ਼ਾ ਦੂਜੀ ਮਾਤ੍ਰਾ ਦੇ ਨਾਲ ਹੀ ਲੱਗਦੀ ਹੈ।ਇਸੇ ਕਰਕੇ ਇਹ ਕੰਨਾ ਮਾਤ੍ਰਾ ਦੇ ਉਪਰ ਲੱਗਦੀ ਹੈ।

## ਸ਼ਬਦ ਜੋੜ

**ਦੋ-ਅੱਖਰ** : ਸਾਂ+ਗ = ਸਾਂਗ , ਭਾਂ+ਡਾ = ਭਾਂਡਾ , ਜੁ+ਲਾਂ = ਜੁਲਾਂ ,
ਆ+ਖਾਂ = ਆਖਾਂ , ਸਾਂ+ਈ = ਸਾਂਈ ।

**ਤਿੰਨ-ਅੱਖਰ** : ਕਾਂ+ਢੀ+ਐ = ਕਾਂਢੀਐ , ਮਾਂ+ਜੀ+ਐ = ਮਾਜੀਐ ,
ਪੁ+ਰ+ਖਾਂ = ਪੁਰਖਾਂ , ਬਾਂ+ਧਿ+ਆ = ਬਾਂਧਿਆ ,
ਮਾਂ+ਗ+ਉ = ਮਾਂਗਉ ।

**ਚਾਰ-ਅੱਖਰ** : ਮ+ਲਾ+ਇ+ਕਾਂ = ਮਲਾਇਕਆਂ , ਗੁ+ਰ+ਸਿ+ਖਾਂ =
ਗੁਰਸਿਖਾਂ , ਕਾਂ+ਢੀ+ਅ+ਹਿ = ਕਾਂਢੀਅਹਿ ,
ਵ+ਰ+ਸਾਂ+ਨੇ = ਵਰਸਾਨੇ , ਚੰ+ਦ੍ਰ+ਹਾਂ+ਸੁ = ਚੰਦ੍ਰਹਾਂਸੁ ।

## ਪੜ੍ਹੋ ਤੇ ਬੋਲੋ

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥ ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥* ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥* ਸਾਂਤਿ ਭਈ ਗੁਰ ਗੋਬਿੰਦਿ ਪਾਈ॥* ਸੁਖੁ ਮਾਂਗਤ ਦੁਖੁ ਆਗਲ ਹੋਇ॥* ਸਾਂਕਲ ਜੇਵਰੀ ਲੈ ਹੈ ਆਈ॥* ਬਾਂਧਨਿ ਬਾਂਧਿਆ ਸਭੁ ਜਗੁ ਭਵੈ॥* ਈਹਾਂ ਊਹਾਂ ਤੂ ਦੀਬਾਣੁ॥* ਭਾਂਤਿ ਭਾਂਤਿ ਦਾਈਅਨਿ ਦੁਲਰਾਏ॥* ਸੁਖੁ ਮਾਂਗਤ ਦੁਖੁ ਆਗਲ ਹੋਇ॥* ਬੇਮੁਖਾਂ ਨਾਲ ਅੜਨਾ ਨਿਸਫਲ ਹੈ॥*

**ਵਿਸ਼ੇਸ਼ ਜਾਣਕਾਰੀ :** ਬਿੰਦੀ ਵਾਲੀ ਮਾਤ੍ਰਾ ਦੀ ਵਰਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਘੱਟ ( ਨਾ ਮਾਤਰ ) ਕੀਤੀ ਗਈ ਹੈ, ਪਰ ਉਚਾਰਣ ਸਮੇਂ ਕੁੱਝ ਪੰਗਤੀਆਂ ਨਾਲ ਵਰਤੋਂ ਹੁੰਦੀ ਹੈ।
ਬਿੰਦੀ ਮਾਤ੍ਰਾ ਵਿਚੋਂ ਕੁੱਝ ਅੱਖਰਾਂ ਚੋਂ ਅੱਧੇ ਨੰਨੇ ਅਤੇ ਅੱਧੇ ਮੰਮੇ ਦੀ ਧੁਨੀ ਉਚਾਰਣ ਹੁੰਦੀ ਹੈ।

(1) **ਅੱਧੇ ਮੰਮੇ ਦੀ ਆਵਾਜ਼ ਵਾਲੇ ਸ਼ਬਦ :**

ਤਾਂ+ਬਾ = ਤਾਂਬਾ , ਤਾਂ+ਬ+ਰ = ਤਾਂਬਰ , ਪੀ+ਤਾਂ+ਬ+ਰ =ਪੀਤਾਂਬਰ ।

(2) **ਅੱਧੇ ਨੰਨੇ ਦੀ ਆਵਾਜ਼ ਵਾਲੇ ਸ਼ਬਦ :**

ਭਾਂ+ਡਾ = ਭਾਂਡਾ , ਲਾਂ+ਗ+ਰੀ = ਲਾਂਗਰੀ , ਸੰ+ਗ+ਰਾਂ+ਦ = ਸੰਗਰਾਂਦ।

## ਅੱਧਕ ਵਾਲੇ ਸ਼ਬਦ

**ਅੱਧਕ – ੱ :** ਅੱਧਕ ਦਾ ਚਿੰਨ ਦੂਜ ਦੇ ਚੰਨ ਦੀ ਤਰ੍ਹਾ ਇਕ ਮਾਤ੍ਰਾ ਹੈ।ਇਸ ਚਿੰਨ ਦੇ ਉਚਾਰਣ ਵੇਲੇ ਉਹ ਸ਼ਬਦ ਭਾਰਾ ਹੋ ਜਾਂਦਾ ਹੈ।ਭਾਵ ਜਿਸ ਅੱਖਰ ਨੂੰ ਇਹ ਮਾਤ੍ਰਾ ਲੱਗੀ ਹੋਵੇ , ਉਸ ਤੋਂ ਅਗਲਾ ਅੱਖਰ ਵਜਨ ਦੇ ਕੇ ਉਚਾਰਨ ਕਰਨਾ ਹੈ।

## ਸ਼ਬਦ ਜੋੜ

**ਦੋ-ਅੱਖਰ :** ਸਿੱ+ਧ = ਸਿੱਧ , ਬੁੱ+ਧਿ + ਬੁੱਧਿ , ਬ੍ਰਿੱ+ਧ = ਬ੍ਰਿੱਧ ,

ਸੁੱ+ਧ = ਸੁੱਧ , ਪੁੱ+ਤ੍ਰ = ਪੁੱਤ੍ਰ ।

**ਤਿੰਨ-ਅੱਖਰ :** ਸਿੱ+ਧ+ਦਾ = ਸਿੱਧਦਾ , ਬੁੱ+ਧ+ਦਾ = ਬੁੱਧਦਾ ,
ਭ+ਵਿੱ+ਖ = ਭਵਿੱਖ , ਅ+ਤੱ+ਤ = ਅਤੱਤ ,
ਅ+ਚੱ+ਲ = ਅਚੱਲ ।

**ਚਾਰ-ਅੱਖਰ :** ਸ+ਰ+ਬੱ+ਤ = ਸਰਬੱਤ , ਬ+ਹੱ+ਤ+ਰ = ਬਹੱਤਰ ,
ਗੁ+ਰ+ਸਿੱ+ਖ = ਗੁਰਸਿੱਖ , ਪ+ਰ+ਪੱ+ਕ = ਪਰਪੱਕ ,
ਮੁ+ਕੱ+ਦ+ਸ = ਮੁਕੱਦਸ ।

## ਪੜ੍ਹੋ ਤੇ ਬੋਲੋ

**ਅਚੱਲ** ਰਾਜੇ॥**ਅਟੱਲ** ਸਾਜੇ॥**ਅਖੱਲ** ਧਰਮੰ॥**ਅਲੱਖ** ਕਰਮੰ॥* ਕਹੂੰ **ਸਿੱਧ** ਕੇ **ਬੁੱਧਿ** ਕੇ **ਬ੍ਰਿੱਧ** ਲਾਧੇ॥* ਸਦਾ **ਸਿੱਧਦਾ ਬੁੱਧਦਾ ਬ੍ਰਿੱਧ** ਕਰਤਾ॥* **ਜੱਤ੍ਰ ਤੱਤ੍ਰ** ਬਿਰਾਜਹੀ ਅਵਧੂਤ ਰਿਸਾਲ॥ * **ਜੱਤ੍ਰ ਤੱਤ੍ਰ** ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ * ਸਦਕਾ **ਸਰਬੱਤ** ਸਾਧ ਸੰਗਤਾ ਸਤਿਗੁਰ ਤੇ ਹਰਿਨਾਮ ਮੰਗਤਾ॥ * **ਚੱਕ੍ਰ ਬੱਕ੍ਰ** ਫਿਰੈ **ਚੱਤ੍ਰ ਚੱਕ** ਮਾਨਹੀ ਪੁਰ ਤੀਨ॥* **ਚੱਤ੍ਰ ਚੱਕ੍ਰ** ਵਰਤੀ **ਚੱਤ੍ਰ ਚੱਕ੍ਰ** ਭੁਗਤੇ॥

**ਵਿਸ਼ੇਸ਼ ਜਾਣਕਾਰੀ :-** ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਮਾਤ੍ਰਾ ਦੀ ਵਰਤੋਂ ਭਾਵੇਂ ਨਹੀ ਕੀਤੀ ਗਈ ਪਰ ਬਾਣੀ ਪੜ੍ਹਨ ਲੱਗਿਆ ਇਸ ਮਾਤ੍ਰਾ ਦਾ ਪ੍ਰਯੋਗ ਹੁੰਦਾ ਹੈ।
ਸ਼੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਅੱਧਕ ਮਾਤ੍ਰਾ ਦੀ ਵਰਤੋਂ ਆਮ ਕੀਤੀ ਗਈ ਹੈ।ਪਰ ਬਹੁਤ ਘੱਟ ਕੀਤੀ ਗਈ ਹੈ।

1. ਚੱਤ੍ਰ ਚੱਕ ਕਰਤਾ॥ ਚੱਤ੍ਰ ਚੱਕ੍ਰ ਹਰਤਾ॥ ( ਜਾਪੁ ਸਾਹਿਬ )

2. ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ ॥ ( ਚੌਪਈ ਸਾਹਿਬ )
3. ਕਬਿਤ॥ ਦਰਸਨ ਦੇਖਤ ਹੀ, ਸੁਧਿ ਕੀ ਨ ਸੁਧਿ ਰਹੀ ;
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ॥ ( ਉਚਾਰਣ:- ਕਬਿੱਤ , ਸੁੱਧਿ , ਬੁੱਧਿ , ਮੱਤਿ )
4. ਆਦਿ ਸਚੁ ਜੁਗਾਦਿ ਸਚੁ॥ ( ਜਪੁ ਜੀ ਸਾਹਿਬ , ਉਚਾਰਣ :- ਸੱਚੁ )
5. ਸਚਾ ਤੇਰਾ ਹੁਕਮ ਸਚਾ ਫੁਰਮਾਨ॥ ( ਆਸਾ ਦੀ ਵਾਰ , ਉਚਾਰਣ :- ਸੱਚਾ )

## ਹਲੰਤ ਵਾਲੇ ਸ਼ਬਦ

ਹਲੰਤ – ੍ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੱਖਰ ਦੇ ਪੈਰੀਂ ਜੋ ਇਹ ( ੍ ) ਨਿਸ਼ਾਨ ਲੱਗਾ ਹੁੰਦਾ ਹੈ ਉਸ ਨੂੰ ਹਲੰਤ ਆਖਦੇ ਹਨ। ਜਿਸ ਅੱਖਰ ਨੂੰ ਇਹ ਚਿਨ ਲੱਗਾ ਹੁੰਦਾ ਹੈ ਉਹ ਅੱਧੇ ਹਾਹੇ ਦੀ ਅਵਾਜ਼ ਦਿੰਦਾ ਹੈ।ਭਾਵ ਉਚਾਰਨ ਕਰਨ ਲੱਗੇ ਥੋੜਾ ਵਜ਼ਨ ਦੇ ਕੇ ਬੋਲਣਾ ਹੈ।( ਭਾਵ ਪੋਲਾ ਨਹੀ ਬੋਲਣਾ ਜੀ )

ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥(ਅੰਗ 417)
ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥ (ਅੰਗ 418)
ਜਿਨ੍ਹ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ॥
ਧੰਧਾ ਪਿਟਿਹੁ ਭਾਈਹੋ ਤੁਮ੍ਹ ਕੂੜੁ ਕਮਾਵਹੁ॥ (ਅੰਗ 418)
ਓਹੁ ਨ ਸੁਣਈ ਕਤ ਹੀ ਤੁਮ੍ਹ ਲੋਕ ਸੁਣਾਵਹੁ॥
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ॥ (ਅੰਗ 407)

# ਵਿਸਰਗ ਵਾਲੇ ਸ਼ਬਦ

ਵਿਸਰਗ – ਃ :- ਜਿਸ ਅੱਖਰ ਦੇ ਅੱਗੇ ਉੱਪਰ ਤੇ ਥੱਲੇ ਦੋ ਬਿੰਦੇ ਲੱਗੇ ਹੋਣ ਉਹ ਵਿਸਰਗ ਹੁੰਦਾ ਹੈ।

ਵਿਸਰਗ ਦੋ ਰੂਪ ਵਿਚ ਹੁੰਦੇ ਹਨ। ਪਹਿਲੇ ਰੂਪ ਵਿਚ ਵਿਸਰਗ ਸ਼ਬਦ ਨੂੰ ਪੂਰਾ ਕਰਦਾ ਹੈ ਅਤੇ ਦੂਜੇ ਰੂਪ ਵਿਚ ਜਿਥੇ ਵਿਸਰਗ ਸ਼ਬਦ ਨੂੰ ਪੂਰਾ ਕਰਦਾ ਹੈ,ਉਥੇ ਨਾਲ ਹੀ ਨਾਲ ਹਾਹੇ ਦੀ ਵੀ ਆਵਾਜ਼ ਦਿੰਦਾ ਹੈ।

ਵਿਸਰਗ ਦਾ ਨਵੀਨ ਪੰਜਾਬੀ ਅਤੇ ਗੁਰਬਾਣੀ ਦੇ ਸਰੂਪਾਂ ਵਿਚ ਥੋੜਾ ਅੰਤਰ ਹੈ।

ਨਵੀਨ ਪੰਜਾਬੀ ਵਿਚ ਵਿਸਰਗ ਸਰੂਪ ( : ) ਇਸ ਤਰ੍ਹਾਂ ਦਾ ਹੁੰਦਾ ਹੈ।

ਗੁਰਬਾਣੀ ਵਿਚ ਵਿਸਰਗ ਸਰੂਪ ( ਃ ) ਇਸ ਤਰ੍ਹਾਂ ਦਾ ਹੁੰਦਾ ਹੈ।

ੳ. ਨਵੀਨ ਪੰਜਾਬੀ ਵਿਚ ਵਿਸਰਗ :

ਪਹਿਲਾ ਰੂਪ – ਸ: ( ਸਰਦਾਰ ) ਇਥੇ ਵਿਸਰਗ ਨੇ ਸ਼ਬਦ ਨੂੰ ਪੂਰਾ ਕੀਤਾ ਹੈ ।

ਦੂਜਾ ਰੂਪ – ਨਮ: ( ਨਮਹ ) ਇਥੇ ਵਿਸਰਗ ਨੇ ਸ਼ਬਦ ਦੇ ਨਾਲ ਹਾਹੇ ਦੀ ਆਵਾਜ਼ ਦਿੱਤੀ ਹੈ।

ਅ. ਗੁਰਬਾਣੀ ਵਿਚ ਵਿਸਰਗ ਃ

ਪਹਿਲਾ ਰੂਪ –

**ਸਲੋਕ ਮਃ** ( ਸਲੋਕ ਮਹੱਲਾ )

**ਨੋਟ:** ਗੁਰਬਾਣੀ ਵਿਚ ਜਿਥੇ ਵੀ ਇਹ ਃ ਵਿਸਰਗ ਚਿਨ ਆਪ ਨੂੰ **ਮ** ਅੱਖਰ ਤੋਂ ਬਾਅਦ ਲੱਗਿਆ ਮਿਲੇ ਤਾਂ ਉਥੇ ਵਿਸਰਗ ਉਸ ਸ਼ਬਦ ਨੂੰ ਪੂਰਾ ਕਰਦਾ ਹੈ। ਜਿਵੇਂ , ਮਃ = **ਮਹੱਲਾ** । ਗੁਰਬਾਣੀ ਵਿਚ ਬਹੁਤ

ਵਾਰ ਮঃ ਵਿਸਰਗ ਰੂਪ ਦੇਖਣ ਨੂੰ ਮਿਲਦਾ ਹੈ ਤਾਂ ਇਸ ਨੂੰ ਹਮੇਸ਼ਾ ਹੀ ਮਹੱਲਾ ਹੀ ਉਚਾਰਣ ਕਰਨਾ ਹੈ।

ਪਾঃ ( ਪਾਤਸਾਹੀ )

ਨੋਟ : ਦਸਮ ਬਾਣੀ ਵਿਚ ਜਿਥੇ ਵੀ ਆਪ ਜੀ ਨੂੰ ਪਾ ਅੱਖਰ ਤੋਂ ਬਾਅਦ ਲੱਗਿਆ ਮਿਲੇ ਤਾਂ ਉਥੇ ਵਿਸਰਗ ਉਸ ਸ਼ਬਦ ਨੂੰ ਪੂਰਾ ਕਰਦਾ ਹੈ। ਜਿਵੇਂ , **ਪਾঃ = ਪਾਤਸਾਹੀ** । ਦਸਮ ਬਾਣੀ ਵਿਚ ਵਿਸਰਗ ਦੀ ਸਿਰਫ ਨਾ ਮਾਤਰ ਹੀ ਵਰਤੋਂ ਕੀਤੀ ਗਈ ਹੈ।

**ਦੂਜਾ ਰੂਪ** – ਦ੍ਰਿੜੰਤਨঃ ( ਦ੍ਰਿੜੰਤਨਹ )
ਲਿਖੑਣঃ ( ਲਿਖਅਣਹ )
ਸੰਪੂਰਣঃ ( ਸੰਪੂਰਣਹ )
ਰੰਗਣঃ ( ਰੰਗਣਹ )

ਨੋਟ : ਗੁਰਬਾਣੀ ਵਿਚ ਜਿਥੇ ਵੀ ਇਹ ঃ ਵਿਸਰਗ ਚਿਨ ਆਪ ਨੂੰ ਕਿਸੇ ਵੀ ਸ਼ਬਦ ਤੋਂ ਬਾਅਦ ਲੱਗਿਆ ਮਿਲੇ ਤਾਂ ਉਥੇ ਵਿਸਰਗ ਉਸ ਸ਼ਬਦ ਦੇ ਆਖਰ ਵਿਚ ਹਾਹੇ ਦੀ ਆਵਾਜ਼ ਦਿੰਦਾ ਹੈ। ਜਿਵੇਂ ਆਪ ਜੀ ਨੇ ਉੱਪਰ ਸ਼ਬਦ ਦੇਖੇ ਹਨ। ( ਉਦਾਹਰਣ : ਲਿਖਣঃ = ਲਿਖਣਹ ) ।

## ਪੈਰ ਬਿੰਦੀ ਵਾਲੇ ਸ਼ਬਦ

**ਪੈਰ ਬਿੰਦੀ – . :** ਜਿਸ ਅੱਖਰ ਦੇ ਪੈਰੀਂ ਇਹ ਵਿਚ ( . ) ਲੱਗਾ ਹੋਵੇ ਉਸ ਨੂੰ ਪੈਰ ਬਿੰਦੀ ਆਕਦੇ ਹਨ।

ਨੋਟ : ਫਾਰਸੀ ਭਾਸ਼ਾ ਦੇ ਅੱਖਰਾਂ ਦੀ ਧੁਨੀ ਪ੍ਰਗਟ ਕਰਨ ਲਈ ਗੁਰਮੁਖੀ ਦੇ ਕੁੱਝ ਅੱਖਰਾਂ ਦੇ ਪੈਰੀਂ ਬਿੰਦੀ ਲਾ ਕੇ ਫਾਰਸੀ ਭਾਸ਼ਾ ਦੇ ਅੱਖਰਾਂ ਦੀ ਧੁਨੀ ਪ੍ਰਗਟ ਕੀਤੀ ਗਈ ਹੈ।
ਇੰਨ੍ਹਾਂ ਅੱਖਰਾਂ ਦਾ ਉਚਾਰਣ ਪੋਲਾ ਜਿਹਾ ਕਰਨਾ ਹੁੰਦਾ ਹੈ।
ਇੰਨ੍ਹਾਂ ਅੱਖਰਾਂ ਦੀ ਵਰਤੋਂ ਦਸਮ ਬਾਣੀ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਚ ਬਹੁਤ ਦੇਖਣ ਨੂੰ ਮਿਲਦੀ ਹੈ।

## ਸ਼ਬਦ-ਜੋੜ

**ਦੋ-ਅੱਖਰ:** ਰ+ਜ਼ਾ = ਰਜ਼ਾ , ਰੋ+ਜ਼ੀ = ਰੋਜ਼ੀ , ਸਾ+ਜ਼ੋ = ਰਾਜ਼ੋ ,
ਬਾ+ਜ਼ੋ = ਬਾਜ਼ੋ , ਫ਼ੌ+ਜੋ = ਫ਼ੌਜੋ ।

**ਤਿੰਨ-ਅੱਖਰ:** ਹਾ+ਜ਼ਿ+ਰ = ਹਾਜ਼ਿਰ , ਬ+ਜ਼ੇ+ਰਿ = ਬਜ਼ੇਰਿ ,
ਗ਼ਾ+ਫ਼ਿ+ਲ = ਗ਼ਾਫ਼ਿਲ , ਆ+ਖ਼ਿ+ਰ = ਆਖ਼ਿਰ ,
ਬ+ਖ਼+ਸ਼ੋ = ਬਖ਼ਸ਼ੋ ।

**ਚਾਰ-ਅੱਖਰ:** ਸ਼+ਮ+ਸ਼ੀ+ਰ = ਸ਼ਮਸੀਰ , ਗੁ+ਜ਼+ਸ਼+ਤ = ਗੁਜ਼ਸ਼ਤ ,
ਦੁ+ਸ਼+ਮ+ਨ = ਦੁਸ਼ਮਨ , ਲ+ਸ਼+ਕ+ਰ = ਲਸ਼ਕਰ ,
ਹ+ਜ਼+ਰ+ਤੇ = ਹਜ਼ਰਤੇ ।

## ਪੜ੍ਹੋ ਤੇ ਬੋਲੋ

ਚੂ ਕਾਰ ਅਜ਼ ਹਮ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸੁਤ ਬੁਰਦਨ ਬ ਸ਼ਮਸ਼ੀਰ ਦਸਤ॥ ( ਜ਼ਫ਼ਰਨਾਮਾ )

ਕਿ ਦੁਸ਼ਮਨ ਕੁਨਦ ਮਿਹਰਬਾਂ ਅਸਤੁ ਦੋਸਤ॥
ਕਿ ਬਖ਼ਸ਼ਿੰਦਗੀ ਕਾਰ ਬਖ਼ਸ਼ਿੰਦਹ ਓਸਤ॥ ( ਜ਼ਫ਼ਰਨਾਮਾ )

ਚੂੰ ਖ਼ੁਦਾ ਹਾਜ਼ਿਰ ਅਸਤ ਦਰ ਹਮਾ ਹਾਲ
ਤੂ ਚਿਰਾ ਮੀ ਜ਼ਨੀ ਦਿਗਰ ਪਰੋ ਬਾਲ। ( ਗਜ਼ਲ , ਭਾਈ ਨੰਦ ਲਾਲ ਜੀ )
ਦਰ ਮਜ਼ਹਬਿ ਮਾ ਗ਼ੈਰ-ਪਰਸਤੀ ਨ ਕੁਨੰਦ,
ਸਰ ਤਾ ਬਜਦਮ ਬਹੋਸ਼ ਓ ਮਸਤੀ ਨ ਕੁਨੰਦ,
ਗ਼ਾਫ਼ਿਲ ਨਸ਼ਵੰਤ ਯਕ ਦਮ ਅਜ ਯਾਦਿ ਖ਼ੁਦਾ,
ਦੀਗਰ ਸੁਖ਼ਨ ਅਜ਼ ਬੁਲੰਦੋ ਪਸਤੀ ਨ ਕੁਨੰਦ॥( ਰੁਬਾਈਆਂ )

ਬਜ਼ੇਰਿ ਸਾਇਆਇ ਤੂਬਾ ਮੁਰਾਦ ਹਾ ਯਾਬੀ
ਬਜ਼ੇਰ ਸਾਇਆ ਮਰਦਨਿ ਹੱਕ ਖ਼ੁਦਾ ਯਾਬੀ॥ ( ਫੁਟਕਲ ਬੈਂਤ )
ਈਂ ਜਹਾਨੋ ਆਂ ਜਹਾਂ ਫ਼ਾਨੀ ਬਵਦ
ਗ਼ੈਰਿ ਯਾਦਸ਼ ਜੁਮਲਾ ਨਾਦਾਨੀ ਬਵਦ॥ ( ਜਿਦੰਗੀ ਨਾਮਾ )

## ਲਗ ਮਾਤ੍ਰਾਂ ਨਾਲ ਬਿੰਦੀ ਵਾਲੇ ਸ਼ਬਦ

**ਬਿੰਦੀ** – ਂ : ਬਿੰਦੀ ਅੱਖਰ ਦੀ ਮਾਤ੍ਰਾ ਨਾਮ ਲੱਗਣ ਵਾਲਾ ਇਕ ਚਿੰਨ ਹੈ।
ਬਿੰਦੀ ਹਮੇਸ਼ਾ ਹੀ ਮਾਤ੍ਰਾ ਦੇ ਨਾਲ ਹੀ ਲੱਗਦੀ ਹੈ। ਇਹ ਕਦੇ ਵੀ
ਇੱਕਲੀ ਨਹੀ ਲੱਗਦੀ ਹੈ। ਬਿੰਦੀ ਸਾਰੀਆਂ ਮਾਤ੍ਰਵਾਂ ਦੇ ਨਾਲ ਵੀ ਨਹੀ ਲੱਗਦੀ ।
ਬਿੰਦੀ ਕੁੱਝ ਹੀ ਮਾਤ੍ਰਾ ਦੇ ਨਾਲ ਹੀ ਲੱਗਦੀ ਹੈ।ਜਿਵੇਂ ਕਿ :- ਕੰਨਾ , ਬਿਹਾਰੀ ,

ਔਂਕੜ , ਦੁਲੈਂਕੜ , ਲਾਂਵਾਂ , ਦੁਲਾਂਵਾਂ , ਹੋੜਾ , ਕਨੌੜਾ ਨਾਲ ਹੀ ਲੱਗਦੀ ਹੈ।
ਮੁਕਤੇ ਅਤੇ ਸਿਹਾਰੀ ਦੇ ਨਾਲ ਨਹੀ ਲੱਗਦੀ ।

## ਸ਼ਬਦ ਜੋੜ

ਕੰਨਾ ਮਾਤ੍ਰਾ ਨਾਲ ਬਿੰਦੀ : ਭਾਂ+ਡਾ = ਭਾਂਡਾ , ਸਾਂ+ਈ = ਸਾਂਈ ,
ਮਾਂ+ਝ = ਮਾਂਝ , ਅ+ਸੀ+ਸਾਂ = ਅਸੀਸਾਂ ,
ਗੁ+ਰ+ਸਿ+ਖਾਂ = ਗੁਰਸਿਖਾਂ ।

ਔਂਕੜ ਮਾਤ੍ਰਾ ਨਾਲ ਬਿੰਦੀ : ਰ+ਉਂ = ਰਉਂ , ਉਂ+ਨ = ਉਂਨ ,
ਉਂ+ਨ+ਤਿ = ਉਂਨਤਿ , ਸ+ਰ+ਸ+ਉਂ = ਸਰਸਉਂ ,
ਬਿ+ਰ+ਖ+ਹੁਂ = ਬਿਰਖਹੁਂ ।

ਦੁਲੈਂਕੜ ਮਾਤ੍ਰਾ ਨਾਲ ਬਿੰਦੀ : ਊਂ+ਧ = ਊਂਧ , ਊਂ+ਘ = ਊਂਘ ,
ਜੁ+ਲਾ+ਊਂ = ਜਲਾਊਂ , ਮ+ਨਾ+ਊਂ = ਮਨਾਊਂ ,
ਜ+ਪਾ+ਊਂ = ਜਪਾਊਂ ।

ਲਾਂਵਾਂ ਮਾਤ੍ਰਾ ਨਾਲ ਬਿੰਦੀ : ਦੇਂ+ਦਾ = ਦੇਂਦਾ , ਕਾ+ਏਂ = ਕਾਏਂ ,
ਰੁ+ਝੇ+ਵੇਂ = ਰੁਝੇਵੇਂ , ਵਾ+ਹੇਂ+ਦ+ੜੁ = ਵਾਹੇਂਦੜੁ ,
ਗ+ਜੇਂ+ਦ੍ਰ = ਗਜੇਂਦ੍ਰ ।

ਦੁਲਾਂਵਾਂ ਮਾਤ੍ਰਾ ਨਾਲ ਬਿੰਦੀ : ਪੈਂ+ਤੀ = ਪੈਂਤੀ , ਗੈਂ+ਡਾ = ਗੈਂਡਾ ,
ਦੀ+ਨੈਂ = ਦੀਨੈਂ , ਥ+ਪੈਂ+ਗੇ = ਥਪੈਂਗੇ , ਉ+ਚ=ਰੈਂ =
ਉਚਰੈਂ ।

ਹੋੜਾ ਮਾਤ੍ਰਾ ਨਾਲ ਬਿੰਦੀ : ਗੋਂ+ਡ = ਗੋਂਡ , ਹੋਂ+ਦੀ = ਹੋਂਦੀ ,
ਰੋਂ+ਹਿ = ਰੋਂਹਿ , ਤੋਂ+ਬ+ਰੀ = ਤੋਂਬਰੀ , ਹੋਂ+ਦ+ਈ = ਹੋਂਦਈ
।

ਕਨੌੜਾ ਮਾਤ੍ਰਾ ਨਾਲ ਬਿੰਦੀ : ਕ+ਹੌਂ = ਕਹੌਂ , ਕ+ਹਿ+ਹੌਂ = ਕਹਿਹੌਂ ,
ਲੌਂ+ਗ = ਲੌਂਗ , ਰੌਂ+ਕ = ਰੌਂਕ , ਸੌਂ+ਫ = ਸੌਂਫ ।

## ਪੜ੍ਹੋ ਤੇ ਬੋਲੋ

ਭਾਂਡਾ ਧੋਵੈ ਕਉਣ ਜਿ ਕਚਾ ਸਾਜਿਆ॥ * ਗੁਰ ਕੋ ਛਾਡਿ ਅਵਰੁ ਸਿਉਂ ਮਾਂਗੈ॥ *
ਊਂਧੈ ਭਾਂਡੇ ਟਿਕੈ ਨ ਕੋਇ॥ * ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥ *
ਅਜਾਤਿ ਹੈਂ॥ ਅਜਾਦਿ ਹੈਂ॥ * ਮੋਇਆ ਰੋਂਹਿ ਰੋਂਦੇ ਮਰਿ ਜਾਂਹੀ॥ *
ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥*

## ਆਉ ਯਯੇ ਵਾਲੇ ਅੱਖਰਾਂ ਦਾ ਉਚਾਰਣ ਕਰੀਏ ।

| | | | |
|---|---|---|---|
| ਦੁਯਾ | ਦੁਇਆ | ਦਯੁ | ਦਈਉ |
| ਭਯਾ | ਭਇਆ | ਦਯੈ | ਦਈਐ |
| ਦੁਯੈ | ਦੁਇਐ | ਦਯਿ | ਦਈਇ |
| ਰਮਯੇ | ਰਮੱਈਏ | ਦੁਯੀ | ਦੁਇਈ |
| ਅਯਾਨਾ | ਅਇਆਨਾ | ਮੁਯੇ | ਮੁਈਏ |
| ਅਯੋ | ਅਇਓ | ਕਾਯਾ | ਕਾਂਇਆ |

| | | | |
|---|---|---|---|
| ਰਯਤਿ | ਰਈਅਤਿ | ਜਯ | ਜੈ |
| ਪਾਯੰ | ਪਾਇਅੰ | ਕਾਯਉ | ਕਾਇਅਉ |
| ਭੈਯਾਨ | ਭੈਇਆਨ | ਤੁਯੰ | ਤੁਇਅੰ |
| ਪਯਾ | ਪਇਆ | ਮਯਹ | ਮਇਅਹ |
| ਧਾਯੰਤੇ | ਧਾਇਅੰਤੇ | ਰਮਣੀਯ | ਰਮਣੀਅ |
| ਪਯਾਲ | ਪਇਆਲ | ਮਯ | ਮੈ |
| ਚਾਯ | ਛਾਇ | ਨਯਣਿ | ਨੈਣਿ |
| ਬਯਣਿ | ਬੈਣਿ | ਜਯੋ | ਜਇਓ |

## ਦੁੱਤ ਵਾਲੇ ਸ਼ਬਦ

ਗੁਰਬਾਣੀ ਵਿਚ ਕੁੱਝ ਅਜਿਹੇ ਅੱਖਰ ਵੀ ਹਨ, ਜੋ ਉੱਪਰ ਤੇ ਥੱਲੇ ਭਾਵ ਇਕ ਅੱਖਰ ਦੇ ਥੱਲੇ ਦੂਜਾ ( ਅੱਖਰ ਦਾ ਪੈਰ ਵਾਲੇ ) ਅੱਖਰ ਲੱਗ ਜਾਣ ਵਾਲੇ ਅੱਖਰਾਂ ਨੂੰ ਦੁੱਤ ਆਖਦੇ ਹਨ। ਜਿਨ੍ਹਾਂ ਵਿਚ ਉੱਪਰਲਾ ਅੱਖਰ ਪੂਰਾ ਤੇ ਥੱਲੇ ਵਾਲਾ ਅੱਧਾ

ਅੱਖਰ ਹੁੰਦਾ ਹੈ। ਇੰਨ੍ਹਾਂ ਦਾ ਆਧੁਨਿਕ ਪੰਜਾਬੀ ਅਤੇ ਗੁਰਬਾਣੀ ਵਿਚ ਪ੍ਰਯੋਗ ਹੁੰਦਾ ਹੈ।

| ਅੰਕ | ਅੱਖਰ | ਸ਼ਬਦ | ਅੰਗ | ਉਚਾਰਣ |
|---|---|---|---|---|
| 1 | ੍ਹ | ਗਾਰ੍ਹ | 1210 | ਗਾਰਹ |
| 2 | ਛ | ਅਸ੍ਚਰਜ | 1359 | ਅਸਚਰਜ |
| 3 | ਠ | ਗਰਿਸ੍ਟ | 1359 | ਗਰਿਸਟ |
| 4 | ਥ | ਦਸ੍ਤਗੀਰੀ | 724 | ਦਸਤਗੀਰੀ |
| 5 | ਃ | ਕ੍ਰਿਸ੍ਨੰ | 1353 | ਕ੍ਰਿਸਨੰ |
| 6 | ਯ | ਮਿਥ੍ਯਾ | 1356 | ਮਿਥਿਆ |
| 7 | ੍ਰ | ਗ੍ਰਾਮ | 133 | ਗਰਾਮ |
| 8 | ੜ | ਅਸ੍ਵ | 265 | ਅਸਵ |

## ਅੱਧੇ ਯ ( ੵ ) ਵਾਲੇ ਸ਼ਬਦ

ਅੱਧੇ ਯ ਦਾ ਉਣਾਰਣ :- ਕਿਸੇ ਵੀ ਸ਼ਬਦ ਨੂੰ ਅੱਧਾ ਯ ਲੱਗਾ ਹੁੰਦਾ ਹੈ ਤਾਂ ਉਚਾਰਣ ਵੇਲੇ ਅੱਧਾ ਯ ਕਿਸੇ ਦੂਜੇ ਸ਼ਬਦ ਦਾ ਰੂਪ ਲੈ ਲੈਂਦਾ ਹੈ ਅਤੇ ਕਈ ਸ਼ਬਦਾ ਵਿਚ ਮਾਤ੍ਰਾ ਵੀ ਬਦਲ ਜਾਂਦੀ ਹੈ।

ਜਸ੍ਯ = ਜੱਸਅ । ਮਿਥ੍ਯਾ = ਮਿਥਿਆ । ਅਖਾਦ੍ਯਿ = ਅਖਾਦਿਅ ।

ਕਲ੍ਯੂਚਰੈ = ਕਲਿਉਚਰੈ । ਰੰਗ੍ਯੌ = ਰੰਗਿਅਉ । ਰੋਗ੍ਯੰ = ਰੋਗਿਅੰ ।

ਲਖੵਣ = ਲਖਿਅਣ । ਸੁਧਾਖੵਰ = ਸੁਧਾਖਿਅਰ । ਬਖੵਾਨੁ = ਬਖਿਆਨੁ
।
ਆਖੵਰ = ਆਖਿਅਰ । ਗੵਾਨ = ਗਿਆਨ । ਖੵਤ੍ਰੀ = ਖਿਅਤਰੀ

## ਅੱਧੇ ਵ ( ੍ਵ ) ਵਾਲੇ ਸ਼ਬਦ

ਅੱਧੇ ਵ ਵਾਲੇ ਸ਼ਬਦ ਗੁਰਬਾਣੀ ਵਿਚ ਬਹੁਤ ਵਾਰ ਆਉਂਦੇ ਹਨ। ਜਿਨ੍ਹਾਂ ਨੂੰ ਉਚਾਰਣ ਕਰਨ ਲੱਗਿਆ ਅੱਖਰ ਦੇ ਪੈਰ ਲੱਗਿਆ ਅੱਧਾ ਵ ( ਅ ) ਅੱਖਰ ਦੇ ਰੂਪ ਵਿਚ ਉਚਾਰਣ ਹੁੰਦਾ ਹੈ , ਅਤੇ ਮਾਤ੍ਰਾ ਵੀ ( ਅ ) ਅੱਖਰ ਨੂੰ ਹੀ ਲੱਗਦੀ ਹੈ। ਕੁੱਝ ਸ਼ਬਦਾ ਦੇ ਨਾਲ ਵ ਹੀ ਉਚਾਰਣ ਹੁੰਦਾ ਹੈ।

ਸ੍ਵਜਨਹ = ਸੁਅਜਨਹ । ਸ੍ਵਾਨ = ਸੁਆਨ । ਸ੍ਵਰ = ਸਵਰ । ਅਸ੍ਵ = ਅਸਵ ।
ਬਿਸ੍ਵੰਭਰ = ਬਿਸੁਅੰਭਰ । ਸ੍ਵਾਂਗ = ਸੁਆਂਗ । ਸ੍ਵਰਗ = ਸੁਅੱਰਗ ।
ਸ੍ਵਾਸਾ = ਸੁਆਸਾ । ਸ੍ਵਰੂਪੰ = ਸੁਅਰੂਪੰ । ਦ੍ਵਾਰਿਕਾ = ਦਵਾਰਿਕਾ ।

## ਪੰਜਾਬੀ ਗਿਣਤੀ

ਪੰਜਾਬੀ ਗਿਣਤੀ ਦਾ ਗਿਆਨ ਹੋਣਾ ਵੀ ਬਹੁਤ ਜਰੂਰੀ ਹੈ। ਜਦੋਂ ਅਸੀ ਬਾਣੀ ਪੜਦੇ ਹਾਂ ਤਾਂ ਅੰਕਾਂ ਦੀ ਪਹਿਚਾਣ ਨਾ ਹੋਣ ਕਰਕੇ ਅੰਗਾਂ , ਸ਼ਬਦਾਂ , ਅਸਟਪਦੀ , ਸਲੋਕ ਆਦਿ ਦਾ ਸਹੀ ਪਤਾ ਨਹੀ ਚੱਲਦਾ ਕਿ ਕਿਸ ਅੰਗ, ਸ਼ਬਦ, ਅਸਟਪਦੀ , ਸਲੋਕ ਤੇ ਬਾਣੀ ਪੜ੍ਹ ਰਹਿ ਹਾਂ ਜਾਂ ਕਿਸ ਅੰਗ ਤੇ ਸਮਾਪਤੀ ਕੀਤੀ ਹੈ ।

# ਸਿੱਖ ਧਰਮ ਦੀ ਮੁੱਢਲੀ ਜਾਣਕਾਰੀ

**ਦਸ ਗੁਰੂ ਸਾਹਿਬਾਨ:-** ਗੁਰੂ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਸ਼ਬਦ ਹੈ ਗੁ+ਰੂ। 'ਗੁ' ਤੋਂ ਭਾਵ ਅਗਿਆਨ ਹੈ ਤੇ 'ਰੂ' ਤੋਂ ਭਾਵ ਅਗਿਆਨਤਾ ਨੂੰ ਦੂਰ ਕਰਨਾ ਭਾਵ ਗਿਆਨ ਦਾ ਪ੍ਰਕਾਸ਼ ਕਰਨਾ, ਇਸ ਤਰ੍ਹਾਂ ਗੁਰੂ ਸ਼ਬਦ ਦੀ ਵਿਆਖਿਆ ਅਗਿਆਨ ਦਾ ਹਨੇਰਾ ਦੂਰ ਕਰਦੇ ਹੋਏ ਗਿਆਨ ਦਾ ਚਾਨਣ ਕਰਨ ਵਾਲਾ ਹੀ ਗੁਰੂ ਹੈ। ਜਿਵੇਂ ਕਿ ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਜੀ।

1. ਸ੍ਰੀ ਗੁਰੂ ਨਾਨਕ ਦੇਵ ਜੀ
2. ਸ੍ਰੀ ਗੁਰੂ ਅੰਗਦ ਦੇਵ ਜੀ
3. ਸ੍ਰੀ ਗੁਰੂ ਅਮਰਦਾਸ ਜੀ
4. ਸ੍ਰੀ ਗੁਰੂ ਰਾਮਦਾਸ ਜੀ
5. ਸ੍ਰੀ ਗੁਰੂ ਅਰਜਨ ਦੇਵ ਜੀ
6. ਸ੍ਰੀ ਗੁਰੂ ਹਰਿਗੋਬਿੰਦ ਜੀ
7. ਸ੍ਰੀ ਗੁਰੂ ਹਰਿਰਾਇ ਜੀ
8. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ
9. ਸ੍ਰੀ ਗੁਰੂ ਤੇਗ ਬਹਾਦਰ ਜੀ
10. ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦਸਾਂ ਪਾਤਿਸ਼ਾਹੀਆਂ ਦੀ ਜਾਗਦੀ ਜੋਤਿ:
ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ।

**ਪੰਜ ਪਿਆਰੇ:-** ਜਦੋ ਖ਼ਾਲਸਾ ਪੰਥ ਦੀ ਸਿਰਜਨਾ ਦਸਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ
ਸਿੰਘ ਜੀ ਵਲੋਂ 13 ਅਪ੍ਰੈਲ 1699 ਵਿਸਾਖੀ ਵਾਲੇ ਦਿਨ ( ਸ਼੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ) ਵਿਖੇ ਕੀਤੀ ਸੀ।
ਉਸ ਸਮੇਂ ਦਸਵੇਂ ਪਾਤਸ਼ਾਹ ਜੀ ਨੇ * ਪੰਜ ਸੀਸ ਦੀ ਮੰਗ ਕੀਤੀ ਜੋ ਗੁਰੂ ਦੇ ਪਿਆਰੇ ਸਭ ਤੋਂ ਪਹਿਲਾਂ ਉਠ ਕੇ ਅਪਣਾ ਸੀਸ ਦੇਣ ਲਈ ਦਸਵੇਂ ਪਾਤਸ਼ਾਹ ਜੀ ਦੇ ਸਨਮੁੱਖ ਹੋਏ ਪਾਤਸ਼ਾਹ ਜੀ ਨੇ ਪ੍ਰਸੰਨ ਹੋ ਕੇ ਉਨਹਾਂ ਨੂੰ ਅਪਣੀ ਛਾਤੀ ਨਾਲ ਲਾਇਆ ਅਤੇ ਪਿਆਰੇ ਕਹਿ ਕੇ ਸੰਬੋਧਨ ਕੀਤਾ। ਪੰਥ ਵਿਚ ਉਨਹਾਂ ਨੂੰ ਸਤਿਕਾਰ ਵਜੋਂ ਪੰਜ ਪਿਆਰੇ ਕਿਹਾ ਜਾਂਦਾ ਹੈ।

ਪੰਜ ਪਿਆਰਿਆਂ ਦੇ ਨਾਮ:-

1. ਭਾਈ ਦਇਆ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

ਨੋਟ:- * ਜਦੋ ਗੁਰੂ ਸਾਹਿਬ ਜੀ ਨੇ 13 ਅਪ੍ਰੈਲ 1699 ਵਿਸਾਖੀ ਵਾਲੇ ਦਿਨ ਸੀਸ ਦੀ ਮੰਗ ਕੀਤੀ ਸੀ ਤਾਂ ਗੁਰੂ ਸਾਹਿਬ ਜੀ ਨੇ ਇਹ ਕਿਹਾ ਸੀ ਕਿ ਮੈਨੂੰ ਇਕ ਸੀਸ ਦੀ ਲੋੜ ਹੈ।ਗੁਰੂ ਸਾਹਿਬ ਜੀ ਨੇ ਇਹ ਨਹੀ ਕਿਹਾ ਸੀ ਕਿ ਮੈਨੂੰ ਕਿਸੇ ਮਰਦ ਜਾਂ ਇਸਤਰੀ ਦੇ ਸਿਰ ਦੀ ਲੋੜ ਹੈ।ਸੋ ਉਸ ਸਮੇਂ ਭਰੀ ਸਭਾ ਵਿਚ ਮਰਦ ਇਸਤਰੀ ਦੋਨੋਂ ਸਨ ਜਿਨ੍ਹਾਂ ਵਿਚੋਂ ਪੰਜ ਗੁਰੂ ਦੇ ਪਿਆਰੇ ਅੱਗੇ ਆਏ ਅਤੇ ਪੰਜ ਪਿਆਰਿਆਂ ਵਿਚ ਤਾਂ ਹੀ ਪੰਜ ਸਿੰਘਾਂ ਨੂੰ

ਲਗਾਇਆ ਜਾਂਦਾ ਹੈ ਜੀ । ਜੇ ਉਸ ਸਮੇਂ ਕੋਈ ਬੀਬੀ ਉੱਠ ਕੇ ਅੱਗੇ ਆਉਂਦੀ ਤਾਂ ਪੰਜ ਪਿਆਰਿਆਂ ਵਿਚ ਬੀਬੀਆਂ ਨੂੰ ਵੀ ਸ਼ਾਮਲ ਕੀਤਾ ਜਾਣਾ ਸੀ। ਸੋ ਇਸ ਗੱਲ ਦਾ ਧਿਆਨ ਰੱਖਣਾ ਹੈ ਜੀ ।*

**ਚਾਰ ਸਾਹਿਬਜ਼ਾਦੇ:-** ਗੁਰੂ ਅਤੇ ਬਾਦਸ਼ਾਹ ਆਦਿਕ ਦੇ ਘਰ ਪੈਦਾ ਹੋਂਣ ਵਾਲੇ ਪੁੱਤਰਾਂ ਨੂੰ
ਸਾਹਿਬਜ਼ਾਦੇ ਕਿਹਾ ਜਾਂਦਾ ਹੈ। ਪਰ ਸਿੱਖ ਧਰਮ ਵਿਚ ਬੜੇ ਸਤਿਕਾਰ ਵਜੋਂ ਸਾਹਿਬ ਸ਼੍ਰੀ
ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰਾਂ ਨੂੰ ਸਾਹਿਬਜ਼ਾਦੇ ਕਿਹਾ ਜਾਂਦਾ ਹੈ।

**ਚਾਰ ਸਾਹਿਬਜ਼ਾਦੇਆਂ ਦੇ ਨਾਮ:-**

1. ਸਾਹਿਬਜ਼ਾਦਾ ਅਜੀਤ ਸਿੰਘ ਜੀ
2. ਸਾਹਿਬਜ਼ਾਦਾ ਜੁਝਾਰ ਸਿੰਘ ਜੀ
3. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ
4. ਸਾਹਿਬਜ਼ਾਦਾ ਫਤਹਿ ਸਿੰਘ ਜੀ

ਚਾਰ ਸਾਹਿਬਜ਼ਾਦਿਆਂ ਨੇ ਛੋਟੀ ਉਮਰੇ ਸਿੱਖ ਧਰਮ ਲਈ ਅਤੇ ਜ਼ੁਲਮ ਦੇ ਖਿਲਾਫ਼ ਆਪਣੀ
ਕੁਰਬਾਨੀ ਦਿੱਤੀ। ਜਿਨ੍ਹਾਂ ਵਿਚੋ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਸਹਿਬ ਵਿਖੇ ( 22 ਦਸੰਬਰ 1704 ) ਨੂੰ ਜੰਗ ਦੇ ਮੈਦਾਨ ਵਿਚ ਸ਼ਹੀਦ ਹੋ ਗਏ ਅਤੇ ਦ ਛੋਟੇ ਸਾਹਿਬਜ਼ਾਦੇ ਸਰਹਿੰਦ ਦੀ ਦੀਵਾਰ ਵਿਚ ਚਿਣਾ ਕੇ ਸ਼ਹੀਦ ਕਰ ਦਿੱਤੇ ਗਏ।

**ਚਮਕੌਰ ਸਹਿਬ ਵਿਖੇ ਸ਼ਹੀਦ ਹੋਏ ਸਾਹਿਬਜ਼ਾਦੇ :-**

* ਸਾਹਿਬਜ਼ਾਦਾ ਅਜੀਤ ਸਿੰਘ ਜੀ
* ਸਾਹਿਬਜ਼ਾਦਾ ਜੁਝਾਰ ਸਿੰਘ ਜੀ

**ਸਰਹਿੰਦ ਦੀ ਦੀਵਾਰ ਵਿਚ ਸ਼ਹੀਦ ਹੋਏ ਸਾਹਿਬਜ਼ਾਦੇ:-**

* ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ
* ਸਾਹਿਬਜ਼ਾਦਾ ਫਤਹਿ ਸਿੰਘ ਜੀ

# ਪੰਜ ਤਖ਼ਤ ਸਾਜਿਬ

**ਪੰਜ ਤਖ਼ਤ:-** ਪੰਜ ਤਖ਼ਤ ਸਿੱਖੀ ਦੇ ਸ਼੍ਰੋਮਣੀ ਦੇ ਅਦਾਰੇ ਹਨ। ਤਖ਼ਤ ਦਾ ਮਤਲਬ ਹੈ ਕਿ
ਉਹ ਅਦਾਰਾ ਜੋ ਸਿੱਖੀ ਅਤੇ ਸਿੱਖਾਂ ਦੇ ਅੰਤਰਿਕ ਮਸਲਿਆਂ ਦੀ ਕੌਮਾਂਤਰੀ ਅਤੇ ਕੌਮੀ ਪੱਧਰ ਤੇ ਅਗਵਾਈ ਕਰਨ ਦੀ ਸਮਰਥਾ ਰੱਖਦਾ ਹੈ। ਤਖ਼ਤ ਦਾ ਮਤਲਬ ਰਾਜ ਸਿੰਘਾਸਨ, ਉਸ ਉਚੀ ਜਗਹ ਨੂੰ ਕਿਹਾ ਜਾਂਦਾ ਹੈ।ਜਿਸ ਅਸਥਾਨ ਤੇ ਬੈਠ ਕੇ ਸਿੱਖ ਕੌਮ ਲਈ ਧਾਰਮਿਕ ਅਤੇ ਰਾਜਨੀਤਿਕ ਫੈਸਲੇ ਸੁਣਾਏ ਅਤੇ ਹੁਕਮਨਾਮੇਂ ਜਾਰੀ ਕੀਤੇ ਜਾਂਦੇ ਹਨ।ਇੰਨ੍ਹਾਂ ਤਖ਼ਤਾਂ ਵਿਚੋਂ ਸਿੱਖਾਂ ਦਾ ਜੋ ਸਰਬ ਉੱਚ ਅਦਾਲਤ ਦਾ ਅਦਾਰਾ ਹੈ ਉਹ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਹੈ।

**ਪੰਜ ਤਖ਼ਤਾਂ ਦੇ ਨਾਮ:-**

1. ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ( ਸ਼੍ਰੀ ਅੰਮ੍ਰਿਤਸਰ ਪੰਜਾਬ
2. ਤਖ਼ਤ ਸ੍ਰੀ ਹਰਿਮੰਦਰ ਜੀ ( ਸ਼੍ਰੀ ਪਟਨਾ ਸਾਹਿਬ, ਬਿਹਾਰ )
3. ਤਖ਼ਤ ਸ੍ਰੀ ਕੇਸਗੜ੍ਹ ( ਸ਼੍ਰੀ ਅਨੰਦਪੁਰ ਸਾਹਿਬ ਰੋਪੜ, ਪੰਜਾਬ )
4. ਤਖ਼ਤ ਸ੍ਰੀ ਦਮਦਮਾ ਸਾਹਿਬ ( ਤਲਵੰਡੀ ਸਾਬੋ, ਜ਼ਿਲਾ ਬਠਿੰਡਾ, ਪੰਜਾਬ )
5. ਤਖ਼ਤ ਸ੍ਰੀ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ ( ਨਾਂਦੇੜ ਸਾਹਿਬ, ਮਹਾਂਰਾਸ਼ਟਰ )

# ਚਾਰ ਧਾਮ

1. ਨਨਕਾਣਾ ਸਾਹਿਬ ਜੀ ।
2. ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ।
3. ਸ਼੍ਰੀ ਮੁਕਤਸਰ ਸਾਹਿਬ ਜੀ ।
4. ਸ਼੍ਰੀ ਤਰਨਤਾਰਨ ਸਾਹਿਬ ਜੀ ।

**ਚਾਲੀ ਮੁਕਤੇ:-** ਮੁਕਤੇ ਤੋਂ ਭਾਵ ਹੈ ਕੀ ਕਿਸੇ ਵੀ ਬੰਦਿਸ਼ ਤੋਂ ਰਹਿਤ ਹਰ ਪੱਖੋ ਅਜ਼ਾਦ ਹੋਣਾ
ਜਾਂ ਮੁਕਤੇ ਤੋਂ ਭਾਵ ਮੁਕਤੀ ਨੂੰ ਪ੍ਰਾਪਤ ਕਰਨਾ। ਚਾਲੀ ਮੁਕਤੇ ਉਹ ਸਿੱਖ ਹਨ ਜਿਨ੍ਹਾਂ ਨੇ
29 ਦਸੰਬਰ 1705 ਨੂੰ ਖਿਦਰਾਣ ਦੀ ਢਾਬ ( ਮੁਕਤਸਰ ਸਾਹਿਬ ) ਵਿਖੇ ਮੁਗਲ ਫੌਜ ਦੇ
ਨਾਲ ਜੰਗ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ।
ਸਿੱਖ ਅਰਦਾਸ ਵਿਚ ਇਨ੍ਹਾਂ 40 ਮੁਕਤਿਆਂ ਨੂੰ ਯਾਦ ਕੀਤਾ ਜਾਂਦਾ ਹੈ।

**ਚਾਲੀ ਮੁਕਤੇਆਂ ਦੇ ਨਾਮ:-**

1. ਭਾਈ ਮਾਨ ਸਿੰਘ 2. ਭਾਈ ਮਹਾ ਸਿੰਘ 3. ਭਾਈ ਸਮੀਰ ਸਿੰਘ 4. ਭਾਈ ਸਰਜਾ ਸਿੰਘ 5. ਭਾਈ ਸਾਧੂ ਸਿੰਘ 6. ਭਾਈ ਸੁਹੇਲ ਸਿੰਘ 7. ਭਾਈ ਸੁਲਤਾਂਨ ਸਿੰਘ 8. ਭਾਈ ਸੋਭਾ ਸਿੰਘ 9. ਭਾਈ ਸੰਤ ਸਿੰਘ 10. ਭਾਈ ਹਰਸਾ ਸਿੰਘ 11. ਭਾਈ ਹਰੀ ਸਿੰਘ 12. ਭਾਈ ਕਰਮ ਸਿੰਘ 13. ਭਾਈ ਕਰਨ ਸਿੰਘ 14. ਭਾਈ ਕਾਲਾ ਸਿੰਘ 15. ਭਾਈ ਕੀਰਤ ਸਿੰਘ 16. ਭਾਈ ਕਿਰਪਾਲ ਸਿੰਘ 17. ਭਾਈ ਖੁਸ਼ਾਲ ਸਿੰਘ 18. ਭਾਈ ਗੁਲਾਬ ਸਿੰਘ 19. ਭਾਈ ਗੰਗਾ ਸਿੰਘ 20. ਭਾਈ ਗੰਡਾ ਸਿੰਘ 21. ਭਾਈ ਘਰਬਾਰਾ ਸਿੰਘ 22. ਭਾਈ ਦਿਲਬਾਗ ਸਿੰਘ 23. ਭਾਈ ਧਰਮ ਸਿੰਘ 24. ਭਾਈ ਧੰਨਾ ਸਿੰਘ

25. ਭਾਈ ਨਿਹਾਲ ਸਿੰਘ 26. ਭਾਈ ਨਿਧਾਨ ਸਿੰਘ 27. ਭਾਈ ਜੋਗਾ ਸਿੰਘ 28. ਭਾਈ ਜੰਗ ਸਿੰਘ 29. ਭਾਈ ਦਿਆਲ ਸਿੰਘ 30. ਭਾਈ ਦਰਬਾਰਾ ਸਿੰਘ 31. ਭਾਈ ਚੰਬਾ ਸਿੰਘ 32. ਭਾਈ ਬੂੜ ਸਿੰਘ 33. ਭਾਈ ਭਾਗ ਸਿੰਘ 34. ਭਾਈ ਭੋਲਾ ਸਿੰਘ 35. ਭਾਈ ਭੰਗਾ ਸਿੰਘ 36. ਭਾਈ ਮੱਜਾ ਸਿੰਘ 37. ਭਾਈ ਮੈਯਾ ਸਿੰਘ 38. ਭਾਈ ਰਾਇ ਸਿੰਘ 39. ਭਾਈ ਜਾਦੋ ਸਿੰਘ 40. ਭਾਈ ਲਛਮਣ ਸਿੰਘ।

**ਪੰਜ ਕਕਾਰ:- ਨਿਸ਼ਾਨੇ ਸਿਖੀ ਪੰਜ ਹਰਫ਼ ਅਸਤ ਕਾਫ਼॥ ਹਰਿਗਿਜ ਨ ਬਾਸ਼ਦ ਈਂ ਪੰਜੇ**
**ਮਾਫ਼॥ ੧॥ ਕੜਾ ਕਾਰਦੋ ਕੱਛ ਕੰਘੇ ਬਿੰਦਾਂ॥ ਬਿਲਾ ਕੇਸ ਹੇਚ ਅਸਤ ਜੁਮਲੇ ਨਿਸ਼ਾਂ॥ ੨॥** ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵੇਸਾਖੀ ਵਾਲੇ ਦਿਨ ਖ਼ਾਲਸਾ ਪੰਥਦੀ ਸਿਰਜਨਾ ਕੀਤੀ ਤਾਂ ਮਾਹਾਰਾਜ ਨੇ ਖ਼ਾਲਸੇ ਨੂੰ ਪੰਜ ਕਕਾਰ ਪਹਿਨਣ ਦਾ ਹੁਕਮ ਦਿੱਤਾ।
ਇਹ ਪੰਜ ਕਕਾਰਾਂ ਦਾ ਧਾਰਨੀ ਹੋਣਾ ਹਰ ਇਕ ਸਿੰਘ, ਸਿੰਘਨੀ ( ਮਰਦ ਤੇ ਔਰਤ ) ਲਈ ਲਾਜ਼ਮੀ ਹੈ। ਇਨ੍ਹਾਂ ਪੰਜ ਕਕਾਰਾਂ ਦੀ ਆਪਣੀ ਵੱਖਰੀ ਮਹੱਤਵਤਾ ਹੈ।

**ਪੰਜ ਕਕਾਰਾਂ ਦੇ ਨਾਮ:-**

**ਪੰਜ ਕਕਾਰਾਂ ਦੀ ਮਹੱਤਵਤਾ :-**

**ਕੇਸ :-** ਕੇਸ ਅਕਾਲ ਪੁਰਖ ਦੀ ਦਿੱਤੀ ਹੋਈ ਦਾਤ ਜੋ ਕੀ ਕਾਦਰ ਵੱਲੋ ਮਿਲਿਆ ਕੁਦਰਤੀ ਤੋਹਫਾ ਹੈ।ਕੇਸ ਸਾਡਾ ਨਿਆਰਾ ਰੂਪ ਖ਼ਾਲਸਾ ਹੋਣਾ ਦਰਸਾਉਂਦੇ ਹਨ। ਪੰਜ ਕਕਾਰਾਂ ਵਿਚੋਂ ਕੇਸਾਂ ਨੂੰ ਛੱਡ ਕੇ ਜੋ ਬਾਕੀ ਚਾਰਾਂ ਵਿਚੋਂ ਕੋਈ ਗੁੰਮ ਹੋ ਜਾਵੇ ਤਾਂ ਇਸ ਨੂੰ ਕੁਰਹਿਤ ਮੰਨਿਆ ਜਾਂਦਾ ਹੈ ਪਰ ਕੇਸ ਕਟਵਾਉਣ ਵਾਲੇ ਨੂੰ ਪਤਿਤ ਕਰਾਰ ਦਿੱਤਾ ਜਾਂਦਾ ਹੈ।

ਇਹੈ ਮੋਰ ਆਗਿਆ ਸੁਨ ਲੇਹੁ ਪਿਆਰੇ ॥ ਬਿਨਾ ਸਸਤਰ ਕੇਸੰ ਦਿਵੋ ਨ ਦਿਦਾਰੇ॥

**ਕੰਘਾ:-** ਕੰਘਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਆਲਸੀ ਜਾਂ ਢਿੱਲੜ ਨਹੀਂ ਅਤੇ ਨਾ ਹੀ ਜੋਗੀਆਂ ਦੀ ਤਰ੍ਹਾਂ ਕੇਸਾਂ ਨੂੰ ਮੈਲਾ ਰੱਖ ਕੇ ਜਟਾਵਾਂ ਦਾ ਰੂਪ ਦਿੰਦਾ ਹੈ ਬਲਕਿ ਸਿੱਖ ਤਾਂ ਸਦਾ ਚੁਸਤ ਅਤੇ ਸਾਫ ਸੁਥਰਾ ਰਹਿੰਦਾ ਹੈ। ਸਿੱਖ ਨੂੰ ਹਮੇਸ਼ਾ ਲੱਕੜ ਦਾ ਕੰਘਾ ਵਰਤਣ ਦਾ ਹੁਕਮ ਹੈ। ਕਿਉਂਕਿ ਲੱਕੜ ਦਾ ਕੰਘਾ ਸਰੀਰ ਲਈ ਹਾਨੀਕਾਰਕ ਨਹੀ ਹੈ।ਇਹ ਦਿਮਾਗ ਦੇ ਖੁਨ ਦਾ ਦੌਰਾ ਸਹੀ ਰੱਖਦਾ ਹੈ।ਸਿੱਖ ਨੂੰ ਦੋਨੋ ਵਕਤ ਕੰਘਾ ਕਰਨ ਦਾ ਹੁਕਮ ਹੈ।

ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ ॥
( ਰਹਿਤਨਾਮਾ ਭਾਈ ਨੰਦ ਲਾਲ ਜੀ )

ਨੋਟ:- ਬੀਬੀਆਂ ਲਈ ਹਦਾਇਤ ਹੈ ਕਿ ਕੰਘਾ ਕੇਸਾਂ ਵਿੱਚ ਸਜਾ ਕੇ ਰੱਖਣਾ ਹੈ ਨਾ ਕਿ ਕਿਰਪਾਨ ਦੇ ਨਾਲ ਬੰਨ ਕੇ ਰੱਖਣਾ ਹੈ।

**ਕੜਾ:-** ਕੜਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਨੇ ਕੋਈ ਵੀ ਵਹਿਮ, ਭਰਮ,
ਗ੍ਰਹਿ-ਨਖੱਤਰ, ਜੰਤਰ, ਮੰਤਰ-ਤੰਤਰ, ਟੂਣਾ, ਆਦਿ ਦੇ ਭਰਮ ਵਿਚ ਨਹੀ ਪੈਣਾ ਅਤੇ ਸਿੱਖ ਦੇ ਕੜੇ ਵਾਲਾ ਹੱਥ ਦੀਨ ਦੁਖੀਆਂ ਦੀ ਰਖਵਾਲੀ ਲਈ ਅਸੀਮ ਤਾਕਤ ਬਣ ਕੇ ਉਠਦਾ ਹੈ। ਕੜਾ ਸਰੀਰ ਨੂੰ ਲੋਹ ਧਾਤੂ ( Iron ) ਵੀ ਪ੍ਰਦਾਨ ਕਰਦਾ ਹੈ।

**ਕਿਰਪਾਨ :-** ਕਿਰਪਾਨ ਸਿੱਖ ਦੇ ਅਜ਼ਾਦ ਜੀਵਨ ਅਤੇ ਅਜ਼ਾਦ ਵਿਚਾਰਾਂ ਦਾ ਪ੍ਰਤੀਕ ਹੈ । ਕਿਰਪਾਨ ਸਦਾ ਗਾਤਰੇ ਵਿੱਚ ਰੱਖਣੀ ਹੈ ਅਤੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸਰੀਰ ਉੱਤੇ ਧਾਰਨ ਕਰਨੀ ਜਰੂਰੀ ਹੈ। ਕਿਰਪਾਨ ਦੋ ਸ਼ਬਦਾ ਦੇ ਮੇਲ ਤੋਂ ਬਣਿਆ ਹੈ, ਕਿਰਪਾ + ਆਨ । ਭਾਵ ਕਿ ਇਹ ਹਥਿਆਰ ਸਿੱਖਾਂ ਨੇ ਕਿਸੇ ਵੀ ਮਜ਼ਲੂਮ ਦੀ ਰੱਖਿਆ ਲਈ ਉਸ ਉੱਤੇ ਹੋ ਰਹੇ ਜ਼ੁਲਮ ਦੇ ਵਿਰੁੱਧ ਭਾਵ ਉਸ ਉਤੇ ਕਿਰਪਾ ਲਈ ਚਲਾਉਣੀ ਹੈ। ਕਿਰਪਾਨ ਜਿਥੇ ਸਿੱਖ ਦੀ ਸਵੈ ਰੱਖਿਆ ਕਰਦੀ ਹੈ, ਉੱਥੇ ਸਿੱਖ ਨੂੰ ਮਜਲੂਮ ਦੀ ਰੱਖਿਆ ਕਰਨ ਲਈ ਵੀ ਪਰੇਰਿਤ ਕਰਦੀ ਹੈ। ਸਿੱਖ ਨੇ ਕਦੇ ਵੀ ਕਿਰਪਾਨ ਆਪਣੇ ਤੋਂ ਅਲੱਗ ਨਹੀ ਕਰਨੀ।

**ਕ੍ਰਿਪਾਣ ਪਾਣ ਧਾਰੀਯੰ॥ ਕਰੋਰ ਪਾਪ ਟਾਰੀਯੰ॥**
**ਸ਼ਸ਼ਤਰ ਹੀਨ ਕਬਹੂੰ ਨ ਹੋਈ ( ਰਹਿਤਨਾਮਾ )**

**ਕਛਹਿਰਾ :-** ਕਛਹਿਰਾ ਜਤ ਦੀ ਨਿਸ਼ਾਨੀ ਹੈ ।ਇਹ ਮਨੁੱਖੀ ਕਾਮਨਾਵਾਂ, ਲਾਲਸਾਵਾਂ, ਕਾਮ ਵਰਗੇ ਵਿਕਾਰਾਂ ਨੂੰ ਸਹਿਜਤਾ ਦੇ ਸੰਜਮਤਾਂ ਵਿੱਚ ਰੱਖਣ ਦਾ ਪ੍ਰਤੀਕ ਹੈ।

**ਸੀਲ ਜਤ ਕੀ ਕਛ ਪਹਿਰਿ ਪਕੜੋ ਹਥਿਆਰਾ॥**
**(ਵਾਰਾਂ ਭਾਈ ਗੁਰਦਾਸ ਜੀ, ਵਾਰ 41)**

## ਗਿਣਤੀ / ਅੰਕ

| | | | |
|---|---|---|---|
| ੧ | ਇੱਕ | 1 | One |
| ੨ | ਧੋ | 2 | Two |
| ੩ | ਤਿੰਨ | 3 | Three |
| ੪ | ਛਾਰ | 4 | Foue |
| ੫ | ਪੰਜ | 5 | Five |
| ੬ | ਛੇ | 6 | Six |
| ੭ | ਸੱਤ | 7 | Seven |
| ੮ | ਅੱਠ | 8 | Eight |
| ੯ | ਨੌਂ | 9 | Nine |
| ੧੦ | ਧਸ | 10 | Ten |
| ੧੧ | ਗਿਆਰਾਂ | 11 | Eleven |
| ੧੨ | ਬਾਰਾਂ | 12 | Twelve |
| ੧੩ | ਤੇਰਾਂ | 13 | Thirteen |
| ੧੪ | ਚੌਂਦਾ | 14 | Fourteen |
| ੧੫ | ਪੰਦਰਾਂ | 15 | Fifteen |

| | | | |
|---|---|---|---|
| ੧੬ | ਸੋਲਾਂ | 16 | Sixteen |
| ੧੭ | ਸਤਾਰਾਂ | 17 | Seventeen |
| ੧੮ | ਅਠਹਾਰਾਂ | 18 | Eighteen |
| ੧੯ | ਉਂਨੀ | 19 | Ninteen |
| ੨੦ | ਵੀਹ | 20 | Twenty |
| ੨੧ | ਇੱਕੀ | 21 | Twenty-One |
| ੨੨ | ਬਾਈ | 22 | Twenty-Two |
| ੨੩ | ਤੇਈ | 23 | Twenty-Three |
| ੨੪ | ਚੌਬੀ | 24 | Twenty-Four |
| ੨੫ | ਪੰਝੀ | 25 | Twenty-Five |
| ੨੬ | ਛੱਬੀ | 26 | Twenty-Six |
| ੨੭ | ਸਤਾਈ | 27 | Twenty-Seven |
| ੨੮ | ਅਠਾਈ | 28 | Twenty-Eight |
| ੨੯ | ਉੱਨਤੀ | 29 | Twenty-Nine |
| ੩੦ | ਤੀਹ | 30 | Thirty |
| ੩੧ | ਇੱਕਤੀ | 31 | Thirty-One |
| ੩੨ | ਬੱਤੀ | 32 | Thirty-Two |

| | | | |
|---|---|---|---|
| ੩੩ | ਤੇਤੀ | 33 | Thirty-Three |
| ੩੪ | ਚੌਂਤੀ | 34 | Thirty-Four |
| ੩੫ | ਪੈਂਤੀ | 35 | Thirty-Five |
| ੩੬ | ਛੱਤੀ | 36 | Thirty-Six |
| ੩੭ | ਸੈਂਤੀ | 37 | Thirty-Seven |
| ੩੮ | ਅਠੱਤੀ | 38 | Thirty-Eight |
| ੩੯ | ਉਂਤਾਲੀ | 39 | Thirty-Nine |
| ੪੦ | ਚਾਲੀ | 40 | Forty |
| ੪੧ | ਇਕਤਾਲੀ | 41 | Forty-One |
| ੪੨ | ਬਤਾਲੀ | 42 | Forty-Two |
| ੪੩ | ਤਰਤਾਲੀ | 43 | Forty-Three |
| ੪੪ | ਚੁਤਾਲੀ | 44 | Forty-Four |
| ੪੫ | ਪੰਤਾਲੀ | 45 | Forty-Five |
| ੪੬ | ਛਿਆਲੀ | 46 | Forty-Six |
| ੪੭ | ਸੰਤਾਲੀ | 47 | Forty-Seven |
| ੪੮ | ਅਠਤਾਲੀ | 48 | Forty-Eight |
| ੪੯ | ਉਨੱਜਾ | 49 | Forty-Nine |

| | | | |
|---|---|---|---|
| ੫੦ | ਪੰਜਾਹ | 50 | Fifty |
| ੫੧ | ਇੱਕਵੰਜਾ | 51 | Fifty-One |
| ੫੨ | ਬਵੰਜਾ | 52 | Fifty-Two |
| ੫੩ | ਤਰਵੰਜਾ | 53 | Fifty-Three |
| ੫੪ | ਚੁਰੰਜਾ | 54 | Fifty-Four |
| ੫੫ | ਪਚਵੰਜਾ | 55 | Fifty-Five |
| ੫੬ | ਛਪੰਜਾ | 56 | Fifty-Six |
| ੫੭ | ਸਤਵੰਜਾ | 57 | Fifty-Seven |
| ੫੮ | ਅਠਵੰਜਾ | 58 | Fifty-Eight |
| ੫੯ | ਉਨਾਹਠ | 59 | Fifty-Nine |
| ੬੦ | ਸੱਠ | 60 | Sixty |
| ੬੧ | ਇਕਹਾਠ | 61 | Sixty-One |
| ੬੨ | ਬਾਹਠ | 62 | Sixty-Two |
| ੬੩ | ਤ੍ਰੇਹਠ | 63 | Sixty-Three |
| ੬੪ | ਚੌਹਠ | 64 | Sixty-Four |
| ੬੫ | ਪੈਂਹਠ | 65 | Sixty-Five |
| ੬੬ | ਛਿਆਹਠ | 66 | Sixty-Six |

| | | | |
|---|---|---|---|
| ੬੭ | ਸਤਹਾਠ | 67 | Sixty-Seven |
| ੬੮ | ਅਠਾਹਠ | 68 | Sixty-Eight |
| ੬੯ | ਉਨੱਤਰ | 69 | Sixty-Nine |
| ੭੦ | ਸੱਤਰ | 70 | Seventy |
| ੭੧ | ਇਕੱਤਰ | 71 | Seventy-One |
| ੭੨ | ਬਹੱਤਰ | 72 | Seventy-Two |
| ੭੩ | ਤਿਹੱਤਰ | 73 | Seventy-Three |
| ੭੪ | ਚੌਹੱਤਰ | 74 | Seventy-Four |
| ੭੫ | ਪੰਜੱਤਰ | 75 | Seventy-Five |
| ੭੬ | ਛਿਅੱਤਰ | 76 | Seventy-Six |
| ੭੭ | ਸਤੱਤਰ | 77 | Seventy-Seven |
| ੭੮ | ਅਠੱਤਰ | 78 | Seventy-Eight |
| ੭੯ | ਉਨਾਸੀ | 79 | Seventy-Nine |
| ੮੦ | ਅੱਸੀ | 80 | Eighty |
| ੮੧ | ਇਕਿਆਸੀ | 81 | Eighty-One |
| ੮੨ | ਬਿਆਸੀ | 82 | Eighty-Two |
| ੮੩ | ਤਰਿਆਸੀ | 83 | Eighty-Three |

| | | | |
|---|---|---|---|
| ੮੪ | ਚੌਰਾਸੀ | 84 | Eighty-Four |
| ੮੫ | ਪੰਜਾਸੀ | 85 | Eighty-Five |
| ੮੬ | ਛਿਆਸੀ | 86 | Eighty-Six |
| ੮੭ | ਸਤਾਸੀ | 87 | Eighty-Seven |
| ੮੮ | ਅਠਾਸੀ | 88 | Eighty-Eight |
| ੮੯ | ਉਨੱਨਵੇਂ | 89 | Eighty-Nine |
| ੯੦ | ਨੱਬੇ | 90 | Ninety |
| ੯੧ | ਇਕਾਨਵੇਂ | 91 | Ninety-One |
| ੯੨ | ਬਾਨਵੇਂ | 92 | Ninety-Two |
| ੯੩ | ਤਰਿਆਨਵੇਂ | 93 | Ninety-Three |
| ੯੪ | ਚੌਰਾਨਵੇਂ | 94 | Ninety-Four |
| ੯੫ | ਪੰਚਾਨਵੇਂ | 95 | Ninety-Five |
| ੯੬ | ਛਿਆਨਵੇਂ | 96 | Ninety-Six |
| ੯੭ | ਸੱਤਾਨਵੇਂ | 97 | Ninety-Seven |
| ੯੮ | ਅਠਾਨਵੇਂ | 98 | Ninety-Eight |
| ੯੯ | ਨੜਿੰਨਵੇਂ | 99 | Ninety-Nine |
| ੧੦੦ | ਸੌ | 100 | One Hundred |

# ਹਫਤੇ ਦੇ ਸੱਤ ਦਿਨ

| | | | |
|---|---|---|---|
| 1 | ਸ਼ੋਮਵਾਰ | Somvaar | Monday |
| 2 | ਮੰਗਲਵਾਰ | Mangalvaar | Tuesday |
| 3 | ਬੁੱਧਵਾਰ | Budhvaar | Wednesday |
| 4 | ਵੀਰਵਾਰ | Veervaar | Thursday |
| 5 | ਸ਼ੁੱਕਰਵਾਰ | Shukarvaar | Friday |
| 6 | ਸ਼ਨੀਵਾਰ | Shanivaar | Saturday |
| 7 | ਐਤਵਾਰ | Aitvaar | Sunday |

**ਜਰੂਰੀ ਬੇਨਤੀ:-** ਸਾਰੇ ਦਿਨ ਇਕੋ ਜਿਹੇ ਹਨ। ਦਿਨਾਂ ਦਾ ਬਹਿਮ-ਭਰਮ ਕਦੇ ਵੀ ਨਹੀ ਕਰਨਾ ਚਾਹੀਦਾ। ਕੋਈ ਵੀ ਦਿਨ ਚੰਗਾ ਜਾਂ ਮਾੜਾ ਨਹੀ ਹੁੰਦਾ ਜੀ। ਕਿਸੇ ਵੀ ਕਾਰਜ ਨੂੰ
ਕਰਨ ਲੱਗੇ ਕਿਸੇ ਵੀ ਦਿਨ ਦਾ ਬਹਿਮ- ਭਰਮ ਨਹੀ ਕਰਨਾ ਚਾਹੀਦਾ। ਇਹ ਬਹਿਮ-ਭਰਮ ਕੁੱਝ ਬ੍ਰਾਹਮਣਾ ਦੁਆਰਾ ਪੈਦਾ ਕੀਤੇ ਹੋਏ ਆਮ ਲੋਕਾਂ ਨੂੰ ਲੁੱਟਣ ਲਈ ਆਪਣੀ ਕਮਾਈ ਦਾ ਸਾਧਨ ਬਣਾਇਆ ਹੈ। ਜਿਸ ਦਾ ਸ਼ਿਕਾਰ ਗੁਰਬਾਣੀ ਤੋਂ ਅਨਜਾਣ ਲੋਕ ਜਾਂ ਨਾ ਸਮਝ ਹੋ ਰਹੇ ਹਨ। ਗੁਰਬਾਣੀ ਅਨੁਸਾਰ :-
**ਆਪੇ ਦਿਨਸੁ ਆਪੇ ਹੀ ਰੈਣੀ॥** ( ਅੰਗ 1020 ) ਭਾਵ :- ਉਹ ਪ੍ਰਮਾਤਮਾ ਹੀ ਆਪ ਦਿਨ ਅਤੇ ਰਾਤ ਹੈ। ਫਿਰ ਕੋਈ ਵੀ ਦਿਨ ਮਾੜਾ ( ਬੁਰਾ ) ਕਿਵੇਂ ਹੋ ਸਕਦਾ ਹੈ ?
**ਕੀਆ ਦਿਨਸੁ ਸਭ ਰਾਤੀ॥** ( ਅੰਗ 1003 ) ਭਾਵ:- ਇਹ ਦਿਨ ਅਤੇ ਰਾਤ ਸਭ ਉਸ ਇਕ ਪਰਮਾਤਮਾ ਨੇ ਹੀ ਬਣਾਏ ਹਨ। ਫਿਰ ਉਸ ਪਰਮਾਤਮਾ ਦੇ ਬਣਾਏ ਦਿਨ-ਰਾਤ ਮਾੜੇ ਕਿਵੇਂ ਹੋ ਸਕਦੇ ਹਨ।

ਸੁੰਨਹੁ ਰਾਤਿ ਦਿਨਸੁ ਦੁਇ ਕੀਏ॥ ( ਅੰਗ 1030 )
ਅਨਿਕ ਜੁਗਾਦਿ ਦਿਨਸ ਅਰੁ ਰਾਤਿ॥ ( ਅੰਗ 1235-36 )
ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥

# ਦੇਸੀ ਬਾਰਾਂ ਮਹੀਨੇ ਅਤੇ ਛੇ ਰੁੱਤਾਂ

| ਅੰਕ | ਮਹੀਨੇ | ਰੁੱਤਾਂ | ਕੁੱਲ ਦਿਨ | ਅੰਗਰੇਜੀ ਮਹੀਨੇ ਅਨੁਸਾਰ |
|---|---|---|---|---|
| 1 | ਚੇਤ | ਬਸੰਤ | 30 | 14 March – 13 April |
| 2 | ਵੇਸਾਖ | | 31 | 13 April – 14 May |
| 3 | ਜੇਠ | ਗ੍ਰੀਖਮ (ਗਰਮੀ) | 32 | 14 May – 15 June |
| 4 | ਹਾੜ | | 31 | 15 June – 16 July |
| 5 | ਸ਼ਾਵਣ | ਪਾਸਵ (ਬਰਸਾਤ) | 31 | 16 July – 16 August |
| 6 | ਭਾਦੋਂ | | 31 | 16 August – 16 September |
| 7 | ਅੱਸੁ | ਸ਼ਰਦ | 31 | 16 September – 17 October |
| 8 | ਕੱਤਕ | | 30 | 17 October – 16 November |
| 9 | ਮੱਘਰ | ਹਿਮ | 28 | 16 November – 15 December |
| 10 | ਫੋਹ | | 30 | 15 December – 14 January |
| 11 | ਮਾਘ | ਸਿਸਰ (ਪਤਝੜ) | 29 | 14 January – 12 February |
| 12 | ਫੱਗਣ | | 30 | 12 February – 13 March |

ਖਾਲਸਾ ਰਾਜ ਦੇ ਮਹਾਰਾਜਾ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਜਿਨ੍ਹਾਂ ਨੇ ਆਪਣੇ ਰਾਜ ਕਾਲ ਵਿਚ ਗੁਰਮੁਖੀ ਕਾਇਦਾ ਹਰ ਇਕ ਲਈ ਪੜਨਾ ਲਾਜਵੀਂ ਕੀਤਾ ਹੋਇਆ ਸੀ ਅਤੇ ਐਜੂਕੇਸ਼ਨ ਸਿਸਟਮ ਨੂੰ 1830 ਈ. ਵਿਚ ਹੀ ਲਾਗੂ ਕਰ ਦਿੱਤਾ ਸੀ। ਜਿਸ ਦੋਰਾਨ ਉਸ ਸਮੇਂ ਖਾਲਸਾ ਰਾਜ ਵਿਚ ਹਰ ਇਕ ਵਿਅਕਤੀ ਪੜਿਆ ਲਿਖਿਆ ਸੀ।



ਪ੍ਰੋਫੇਸਰ ਜੀ. ਡਬਲੀਯੂ. ਲੈਟਨਰ ਜਿਸ ਨੇ ਈਸ਼ਟ ਇੰਡਿਆ ਕੰਪਨੀ ਦੇ ਕਹਿਣ ਤੇ ਪੰਜਾਬ ( ਖਾਲਸਾ ਰਾਜ ) ਦੇ ਐਜੂਕੇਸ਼ਨ ਸਿਸਟਮ ਨੂੰ ਤਬਾਹ ਕੀਤਾ ਅਤੇ ਗੁਰਮੁਖੀ ਕਾਇਦੇ ਇਕੱਠੇ ਕਰਕੇ ਸਾੜ ਦਿੱਤੇ ਸੀ ।ਮਜੂਦਾ ਇੰਗਲੈਂਡ ਵਿਚ ਚੱਲ ਰਿਹਾ ਐਜੂਕੇਸ਼ਨ ਸਿਸਟਮ ਖਾਲਸਾ ਰਾਜ ਦੇ ਐਜੂਕੇਸ਼ਨ ਸਿਸਟਮ ਦੀ ਹੀ ਨਕਲ ਹੈ।



# ਸੰਦੇਸ਼

ਗੁਰੂ ਸਾਹਿਬ ਜੀ ਵੱਲੋਂ ਉਚਾਰਣ ਕੀਤੀ ਲਿੱਪੀ ਗੁਰਮੁਖੀ ਲਿੱਪੀ ( ਪੰਜਾਬੀ ਮਾਂ ਬੋਲੀ ) ਨੂੰ ਦੁਨੀਆਂ ਦੇ ਹਰ ਇੱਕ ਵਿਅਕਤੀ ਤੱਕ ਪੁੱਜਦਾ ਕਰਨ ਦਾ ਇਕ ਯਤਨ ਕੀਤਾ ਗਿਆ ਹੈ। ਇਹ ਲਿੱਪੀ ਸਭ ਤੋਂ ਮਹਾਨ ਲਿੱਪੀ ਹੈ ਕਿਉਂਕਿ ਇਸ ਲਿੱਪੀ ਦੁਆਰਾ ਹੋਰ ਵੀ ਲਿੱਪੀਆਂ ਨੂੰ ਅਸਾਨੀ ਨਾਲ ਲਿਖਿਆ, ਪੜਿਆ ਤੇ ਬੋਲਿਆ ਜਾ ਜਕਦਾ ਹੈ। ਇਹ ਇਕ ਰੂਹਾਨੀ ਭਾਸ਼ਾ ਹੈ ਕਿਉਂਕਿ ਇਸ ਭਾਸ਼ਾ ਵਿਚ ਹੀ ਸਮੁੱਚੀ ਸ਼੍ਰਿਸ਼ਟੀ ਅਤੇ ਮਾਨਵਤਾ ਨੂੰ ਸਰਬਸਾਂਝਾ ਉਪਦੇਸ਼ ਦੇਣ ਵਾਣੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਬਾਣੀ ਨੂੰ ਲਿਖਿਆ ਗਿਆ ਹੈ। ਜੋ ਕਿ ਰਹਿੰਦੀ ਦੁਨੀਆਂ ਤੱਕ ਸਮੁੱਚੀ ਸ਼੍ਰਿਸ਼ਟੀ ਅਤੇ ਮਾਨਵਤਾ ਦੀ ਹੋਂਦ ਨੂੰ ਬਰਕਰਾਰ ਰੱਖਣ ਵਿਚ ਸਹਾਇਕ ਹੈ। ਆਉ ਇਸ ਲਿੱਪੀ ਨਾਲ ਜੁੜ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਸਮੁੱਚੀ ਸ਼੍ਰਿਸ਼ਟੀ ਦੇ ਭਲੇ ਲਈ ਦੁਨੀਆਂ ਦੇ ਹਰ ਇਕ ਵਿਅਕਤੀ ਤੱਕ ਪੁੱਜਦਾ ਕਰੀਏ ਜੀ।

**ਧੰਨਵਾਦ ਜੀ**

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥**



**ਲੇਖਕ ਅਤੇ ਸੋਧਕ**

**ਭਾਈ ਸਤਿੰਦਰਪਾਲ ਸਿੰਘ**

**ਗੁਰਗਿਆਨ ਫਾਉਂਡੇਸ਼ਨ ਖਰੜ।**